# ਵਿਦਿਆ ਵੀਚਾਰੀ ਤਾਂ ਪਰਉਪਕਾਰੀ

# Knowledge and Education for the Benefit of Mankind

ਅੱਜਕਲ੍ਹ ਮਾਤਾ ਪਿਤਾ ਬੱਚਿਆਂ ਨੂੰ ਦੁਨਿਆਵੀ ਸਿਖਿਆ ਲਈ ਤਾਂ ਜਰੂਰ ਸਕੂਲ, ਕਾਲਜ, ਤੇ ਯੂਨੀਵਰਸਟੀ ਵਿਚ ਭੇਜਦੇ ਹਨ। ਪਰ ਗੁਰਬਾਣੀ ਤੋਂ ਸੱਚ ਤੇ ਜੀਵਨ ਜਾਚ ਦੀ ਸਿਖਿਆ ਲੈਣੀ ਫਜ਼ੂਲ ਸਮਝਦੇ ਹਨ। ਮਾਤਾ ਪਿਤਾ ਬੱਚੇ ਨੂੰ ਰੁਜ਼ਗਾਰ ਲਈ ਤਿਆਰ ਕਰਨਾ ਤਾਂ ਆਪਣਾ ਫਰਜ਼ ਸਮਝਦੇ ਹਨ ਪਰ ਇਕ ਪੂਰਨ ਮਨੁੱਖ ਨਹੀਂ। ਦੁਨਿਆਵੀ ਲੋਕਾਂ ਦੇ ਅਨੁਸਾਰ ਪੜ੍ਹੇ ਲਿਖੇ ਦਾ ਭਾਵ ਇਹ ਹੈ ਕਿ ਉਸ ਨੇ ਯੂਨੀਵਰਸਟੀ ਤੋਂ ਕੋਈ ਡਿਗਰੀ ਹਾਸਲ ਕਰ ਲਈ ਹੈ ਤੇ ਪੈਸੇ ਕਮਾ ਸਕਦਾ ਹੈ।

ਗੁਰਬਾਣੀ ਅਨੁਸਾਰ ਤਾਂ ਪੜ੍ਹੇ ਲਿਖੇ ਦੀ ਕੋਈ ਹੋਰ ਹੀ ਪ੍ਰੀਭਾਸ਼ਾ ਹੈ। ਉਹ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਹੈ, ਜਿਹੜਾ ਸਤਿਗੁਰੁ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਆਪਣੇ ਮਨ ਨੂੰ ਅੰਦਰੋਂ ਖੋਜਦਾ ਹੈ, ਜੀਵਨ ਦੇ ਮੰਤਵ ਨੂੰ ਪਛਾਣਦਾ ਹੈ, ਆਪਣੇ ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ ਤੇ ਤ੍ਰਿਸ਼ਨਾ ਤੋਂ ਬਚਣ ਲਈ ਰਸਤਾ ਲਭ ਲੈਂਦਾ ਹੈ। **"ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥"** (੬੫੦)

ਉਸ ਪਾਂਧੇ (ਪੜ੍ਹੇ ਲਿਖੇ) ਨੂੰ ਵਿਦਵਾਨ ਆਖਣਾ ਚਾਹੀਦਾ ਹੈ, ਜਿਹੜਾ ਵਿੱਦਿਆ ਰਾਹੀਂ ਸ਼ਾਂਤੀ ਵਾਲੇ ਸੁਭਾਵ ਵਿਚ ਜੀਵਨ ਬਤੀਤ ਕਰਦਾ ਹੈ। ਵਿੱਦਿਆ ਰਾਹੀਂ ਆਪਣੇ ਅਸਲੇ ਦੀ ਵਿਚਾਰ ਕਰਦਾ ਹੈ, ਅਤੇ ਪਰਮਾਤਮਾ ਦੇ ਨਾਮ ਨਾਲ ਸੁਰਤ ਜੋੜ ਕੇ ਜੀਵਨ ਦਾ ਅਸਲ ਮਨੋਰਥ ਹਾਸਲ ਕਰ ਲੈਂਦਾ ਹੈ। ਪਰ ਜਿਹੜਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਹੈ, ਉਹ ਵਿੱਦਿਆ ਨੂੰ ਸਿਰਫ਼ ਵੇਚਦਾ ਹੈ, ਸਿਰਫ਼ ਰੋਜ਼ੀ ਰੋਟੀ ਲਈ ਵਰਤਦਾ ਹੈ, ਵਿੱਦਿਆ ਨਾਲ ਆਤਮਕ ਮੌਤ ਲਿਆਉਣ ਵਾਲੀ ਮਾਇਆ ਦਾ ਜ਼ਹਿਰ ਖੱਟਦਾ ਕਮਾਂਦਾ ਹੈ। ਉਹ ਮੂਰਖ ਗੁਰੂ ਦੇ ਸ਼ਬਦ ਨੂੰ ਨਹੀਂ ਪਛਾਣਦਾ, ਸ਼ਬਦ ਦੀ ਸੁਧ-ਬੁਧ ਉਸ ਨੂੰ ਰਤਾ ਵੀ ਨਹੀਂ ਹੁੰਦੀ।

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ॥ **ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ** ॥ ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥ (੯੩੭, ੯੩੮)

ਉਹ ਪਾਂਧਾ ਗੁਰਮੁਖਿ ਆਖਣਾ ਚਾਹੀਦਾ ਹੈ, ਜਿਹੜਾ ਦੁਨੀਆਂ ਵਿਚ ਅਸਲ ਨਫ਼ਾ ਖੱਟਦਾ ਹੈ, ਆਪਣੇ ਸ਼ਾਗਿਰਦਾਂ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਹੇ ਵਿੱਦਿਆਰਥੀਓ ! ਪ੍ਰਭੂ ਦਾ ਨਾਮ ਜਪੋ ਅਤੇ ਨਾਮ-ਧਨ ਇਕੱਠਾ ਕਰੋ। ਸੱਚਾ ਪ੍ਰਭੂ ਮਨ ਵਿਚ ਵੱਸ ਪੈਣਾ ਹੀ ਸੱਚੀ ਪੱਟੀ (ਸਿਖਿਆ) ਹੈ। ਪ੍ਰਭੂ ਨੂੰ ਹਿਰਦੇ ਵਿਚ ਵਸਾਣ ਲਈ ਸਤਿਗੁਰੂ ਦਾ ਸ੍ਰੇਸ਼ਟ ਸ਼ਬਦ ਪੜ੍ਹਨਾ ਚਾਹੀਦਾ ਹੈ। ਉਹੀ ਮਨੁੱਖ ਵਿਦਵਾਨ ਹੈ, ਪੰਡਿਤ ਹੈ, ਸਿਆਣਾ ਹੈ, ਅਸਲ ਵਿਚ ਪੜ੍ਹਿਆ ਲਿਖਿਆ ਹੈ, ਜਿਸ ਦੇ ਗਲ ਵਿਚ ਪ੍ਰਭੂ ਦਾ ਨਾਮ-ਰੂਪੀ ਹਾਰ ਹੈ। ਭਾਵ, ਜੋ ਹਰ ਵੇਲੇ ਪ੍ਰਭੂ ਨੂੰ ਚੇਤੇ ਰੱਖਦਾ ਹੈ ਤੇ ਹਰ ਥਾਂ ਹਰ ਹਿਰਦੇ ਵਿਚ ਉਸ ਨੂੰ ਵੇਖਦਾ ਹੈ।

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ ॥ **ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥ ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥ ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ** ॥੫੪॥੧॥ (੯੩੭, ੯੩੮)

ਪੜ੍ਹ ਲਿਖ ਕੇ ਚਾਹੀਦਾ ਤਾਂ ਇਹ ਸੀ ਕਿ ਤ੍ਰਿਸ਼ਨਾ ਤੋਂ ਬਚਣ ਦਾ ਉਪਾਅ ਮਿਲ ਜਾਂਦਾ, ਹੰਕਾਰ ਦੂਰ ਹੋ ਜਾਂਦਾ ਤੇ ਅੰਦਰੂਨੀ ਸ਼ਾਂਤੀ ਮਿਲਦੀ। ਪਰ ਇਸ ਦੇ ਬਿਲਕੁਲ ਉਲਟ ਹੋ ਰਿਹਾ ਹੈ। ਸਰਕਾਰੀ ਅਫਸਰਾਂ ਦਾ ਭਾਰੀ ਗਿਣਤੀ ਵਿਚ ਰਿਸ਼ਵਤਖੋਰ ਹੋਣਾਂ ਦੱਸਦਾ ਹੈ ਕਿ ਉਹ ਕਿਨੇ ਲੋਭੀ ਹੋ ਗਏ ਹਨ। ਮਾਇਆਧਾਰੀ ਤੇ ਕਈ ਅਫਸਰਾਂ ਵਿਚ ਹੰਕਾਰ ਦੀ ਤਾਂ ਕੋਈ ਸੀਮਾਂ ਹੀ ਨਹੀਂ। ਆਮ ਜੰਤਾ ਨੂੰ ਤਾਂ ਇਕ ਗੁਲਾਮ ਦੀ ਤਰਾਂ ਸਮਝਦੇ ਹਨ। ਇਕੱਲਾ ਪੜ੍ਹਨ ਨਾਲ ਲੋਭ, ਹੰਕਾਰ ਵਧਦਾ ਹੈ। ਗੁਰੂ ਸਾਹਿਬ ਸਮਝਾਂਦੇ ਹਨ ਕਿ ਇਹੋ ਜਿਹੇ ਪੜ੍ਹੇ ਹੋਏ ਨੂੰ ਮੂਰਖ ਆਖਣਾ ਚਾਹੀਦਾ ਹੈ ਜਿਸ ਦੇ ਅੰਦਰ ਲੋਭ ਤੇ ਹੰਕਾਰ ਹੈ। ਸਤਿਗੁਰੂ ਦੀ ਦਿੱਤੀ ਮੱਤ ਨੂੰ ਵਿਚਾਰ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ, ਉਸ ਵਿਚ ਸੁਰਤਿ ਜੋੜਨੀ ਚਾਹੀਦੀ ਹੈ, ਗੁਰੂ ਦੀ ਸਿੱਖਿਆ ਤੇ ਤੁਰ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। **"ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥"** (੧੪੦)

ਅੱਜਕਲ ਦੇ ਕਈ ਪੜ੍ਹੇ ਲਿਖੇ ਧਰਮ ਨੂੰ ਵਿਅਰਥ ਹੀ ਸਮਝਦੇ ਹਨ। ਉਹ ਪੈਸੇ ਕਮਾਉਣਾਂ ਤਾਂ ਸਿੱਖ ਜਾਂਦੇ ਹਨ, ਪਰੰਤੂ ਜੀਵਨ ਦੀ ਸਿਖਿਆਂ ਤੋ ਸੱਖਣੇ ਹੀ ਹੁੰਦੇ ਹਨ। ਇਨ੍ਹਾਂ ਵਿਚੋਂ ਕਈ ਤਾਂ ਇਕ ਸਿਖਲਾਏ ਹੋਏ ਕੁੱਤੇ ਦੀ ਤਰ੍ਹਾਂ ਹਨ ਜਿਨ੍ਹਾਂ ਨੇ ਮੂੰਹ ਵਿਚ ਥੈਲਾ ਪਾ ਕੇ ਬਜ਼ਾਰ ਤੋਂ ਅਖਬਾਰ ਜਾਂ ਸਬਜ਼ੀ ਲਿਆਉਣੀ ਤਾਂ ਸਿੱਖ ਲਈ ਹੈ। ਪਰ ਅਖਬਾਰ ਜਾਂ ਸਬਜ਼ੀ ਕੀ ਹੈ ਤੇ ਕਿਸ ਲਈ ਹੈ ਉਸ ਦਾ ਕੋਈ ਗਿਆਨ ਨਹੀਂ। ਬਹੁਤ ਸਾਰੇ ਕੇਸਾਧਾਰੀ ਤਾਂ ਅਜੇਹੇ ਹਨ ਜਿਨ੍ਹਾਂ ਨੂੰ ਸਿੱਖੀ ਦਾ ਕੋਈ ਗਿਆਨ ਨਹੀਂ। ਉਹ ਦੂਸਰਿਆਂ ਧਰਮਾਂ ਬਾਰੇ ਜੋ ਕੁਝ ਜਾਣਦੇ ਹਨ ਜਾਂ ਵੇਖਦੇ ਹਨ, ਉਹ ਹੀ ਸਿੱਖ ਧਰਮ ਤੇ ਲਾਗੂ ਕਰਨਾ ਸ਼ੁਰੂ ਕਰ ਦਿੰਦੇ ਹਨ। ਬਿਨਾ ਸੋਚੇ ਸਮਝੇ ਤੇ ਬਿਨਾਂ ਪਰਖੇ ਆਪਣੀ ਦੁਨਿਆਵੀ ਵਿੱਦਿਆ ਦੇ ਆਧਾਰ ਤੇ ਅੰਦਾਜ਼ੇ ਲਾਉਂਦੇ ਹਨ ਜਾਂ ਫੜਾਂ ਮਾਰਦੇ ਰਹਿੰਦੇ ਹਨ। ਅੱਜਕਲ ਕੋਈ ਵਿਰਲੇ ਹੀ ਸਿੱਖ ਮਿਲਦੇ ਹਨ ਜਿਨ੍ਹਾਂ ਨੇ ਜਪੁਜੀ ਸਾਹਿਬ ਦੇ ਅਰਥ ਅਤੇ ਭਾਵ ਅਰਥ ਆਪ ਪੜ੍ਹੇ ਤੇ ਸਮਝੇ ਹੋਣ। ਬਹੁਤੇ ਤਾਂ ਡੇਰੇ ਵਾਲਿਆਂ ਦੀਆਂ ਮਨਘੜਤ ਕਹਾਣੀਆਂ ਅਤੇ ਤਰ੍ਹਾਂ ਤਰ੍ਹਾਂ ਦੀਆਂ ਰਵਾਇਤਾਂ ਜਾਂ ਕਰਮ ਕਾਂਡਾਂ ਨੂੰ ਸਿੱਖੀ ਦਾ ਆਧਾਰ ਸਮਝਦੇ ਹਨ। ਸਾਡੇ ਜਿਆਦਾ ਤਰ ਗੁਰਦੁਆਰਿਆਂ ਵਿਚ

ਸਿਰਫ ਰਵਾਇਤੀ ਤੌਰ ਤੇ ਪਾਠ ਤੇ ਕੀਰਤਨ ਹੁੰਦਾਂ ਹੈ। ਕੋਈ ਵਿਰਲਾ ਮਨੁੱਖ ਹੀ ਹੁੰਦਾਂ ਹੈ ਜਿਸ ਨੂੰ ਗਾਇਨ ਕੀਤੇ ਜਾ ਰਹੇ ਸ਼ਬਦ ਦੇ ਅੱਖਰ, ਅਰਥ ਅਤੇ ਭਾਵ ਅਰਥ ਪਤਾ ਲਗ ਜਾਣ। ਜੇ ਕਰ ਬੋਲੀ ਜਾ ਰਹੀ ਬਾਣੀ ਦੀ ਸਮਝ ਹੀ ਨਹੀਂ ਲਗਦੀ ਹੈ ਤਾਂ ਗੁਰਬਾਣੀ ਅਨੁਸਾਰ ਮਤ ਕਿਸ ਤਰ੍ਹਾਂ ਆ ਸਕਦੀ ਹੈ। ਸਾਨੂੰ ਆਪਣੇ ਗੁਰਦੁਆਰਿਆ ਦੇ ਪਰਚਾਰ ਦਾ ਢੰਗ ਬਦਲਣਾ ਪਵੇਗਾ, ਨਹੀਂ ਤਾਂ ਸਾਡੀ ਨਵੀਂ ਪਨੀਰੀ ਸਿੱਖੀ ਤੋਂ ਬਹੁਤ ਦੂਰ ਚਲੀ ਜਾਵੇਗੀ। ਕਿਉਕਿ ਬੱਚਿਆਂ ਨੂੰ ਕੁਝ ਵੀ ਸਮਝ ਨਹੀਂ ਆਉਂਦਾ ਹੈ ਇਸ ਲਈ ਉਹ ਗੁਰਦੁਆਰਾ ਸਾਹਿਬ ਹਾਲ ਦੇ ਬਾਹਰ ਹੀ ਆਪਣੇ ਆਪ ਨੂੰ ਕੋਈ ਵੀ ਮਿਲਦੀ ਸੇਵਾ ਜਾਂ ਆਪਸੀ ਗੱਲਾਂ ਬਾਤਾਂ ਵਿਚ ਰੁਝਾ ਰੱਖਦੇ ਹਨ। ਛੋਟੇ ਬੱਚੇ ਤਾਂ ਖੇਡਣਾਂ ਹੀ ਪਸੰਦ ਕਰਦੇ ਹਨ। ਇਹ ਬੱਚੇ ਪੜ੍ਹਨ ਲਿਖਣ ਤੋਂ ਬਾਅਦ ਜਦੋਂ ਵੱਡੇ ਹੁੰਦੇ ਹਨ ਤਾਂ ਧਰਮ ਨੂੰ ਵਿਅਰਥ ਸਮਝਦੇ ਹਨ।

ਗੁਰੂ ਸਾਹਿਬ ਬਾਣੀ ਵਿਚ ਸਮਝਾਂਦੇ ਹਨ ਕਿ ਜੇ ਇਤਨੀਆਂ ਪੋਥੀਆਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਲਈਆਂ ਜਾ ਸਕਣ; ਢੇਰਾਂ ਦੇ ਢੇਰ ਲਗਾਏ ਜਾ ਸਕਣ; ਇਕ ਬੇੜੀ ਭਰੀ ਜਾ ਸਕੇ; ਕਈ ਖਾਤੇ ਪੂਰੇ ਜਾ ਸਕਣ। ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ; ਪੜ੍ਹ ਪੜ੍ਹ ਕੇ ਸਾਲ ਦੇ ਸਾਰੇ ਮਹੀਨੇ ਬਿਤਾ ਦਿੱਤੇ ਜਾਣ; ਪੁਸਤਕਾਂ ਪੜ੍ਹ ਪੜ੍ਹ ਕੇ ਸਾਰੀ ਉਮਰ ਗੁਜ਼ਾਰ ਦਿੱਤੀ ਜਾਏ, ਪੜ੍ਹ ਪੜ੍ਹ ਕੇ ਉਮਰ ਦੇ ਸਾਰੇ ਸੁਆਸ ਬਿਤਾਏ ਜਾਣ ਤਾਂ ਵੀ ਰੱਬ ਦੀ ਦਰਗਾਹ ਵਿਚ ਇਸ ਵਿਚੋਂ ਕੁਝ ਵੀ ਪਰਵਾਨ ਨਹੀਂ ਹੁੰਦਾ। ਇਕੱਲਾ ਪੜ੍ਹਨ ਨਾਲ ਸਿਰਫ ਹੰਕਾਰ ਵਿਚ ਵਾਧਾ ਹੁੰਦਾਂ ਹੈ। ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਬੂਲੀ ਜਾਂਦੀ ਹੈ, ਪ੍ਰਭੂ ਦੀ ਵਡਿਆਈ ਤੋਂ ਬਿਨਾ ਕੋਈ ਹੋਰ ਉੱਦਮ ਕਰਨਾ, ਆਪਣੀ ਹਉਮੈ ਦੇ ਵਿਚ ਭਟਕਦੇ ਫਿਰਨਾ ਹੈ।

ਸਲੋਕੁ ਮਃ ੧ ॥ **ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ** ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ (੪੬੭)

ਵਿੱਦਿਆ ਪੜ੍ਹਨ ਨਾਲ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ, ਬੇਸ਼ੱਕ ਪੜ੍ਹੇ ਹੋਏ ਬੰਦਿਆਂ ਨੂੰ ਜਾ ਕੇ ਪੁੱਛ ਲਵੋ, ਕਿਉਂਕਿ ਪੜ੍ਹੇ ਹੋਏ ਲੋਕਾਂ ਨੂੰ ਵਿੱਦਿਆ ਪੜ੍ਹਨ ਦਾ ਮਾਣ ਹੀ ਬਣਿਆ ਰਹਿੰਦਾ ਹੈ। ਮਨੁੱਖ ਦਾ ਮਨ ਗੁਰੂ ਦੀ ਸਰਨ ਆਉਣ ਨਾਲ ਹੀ ਪਵਿਤ੍ਰ ਹੁੰਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਰਾਮ ਰਾਮ ਆਖ ਆਖ ਕੇ ਥੱਕ ਜਾਂਦੇ ਹਨ ਫਿਰ ਵੀ ਹਉਮੈ ਦੀ ਮੈਲ ਉਹਨਾਂ ਪਾਸੋਂ ਧੋਤੀ ਨਹੀਂ ਜਾ ਸਕਦੀ। "**ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ਰਹਾਉ॥**" (੩੯)

ਬਾਣੀ ਕੁਰਲੀਆਂ ਕਰਨ ਵਾਗੂੰ ਨਹੀਂ ਪੜ੍ਹਨੀ ਹੈ। ਬਾਣੀ ਹਿਰਦੇ ਅੰਦਰ ਜਾਣੀ ਚਾਹੀਦੀ ਹੈ ਤਾਂ ਹੀ ਅਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਜਿਹੜਾ ਮਨੁੱਖ ਧਾਰਮਿਕ ਪੁਸਤਕਾਂ ਦਾ ਨਿਰਾ ਪਾਠ ਹੀ ਪੜ੍ਹਦਾ ਹੈ, ਉਹ ਇਸ ਭੇਤ ਨੂੰ ਨਹੀਂ ਸਮਝ ਸਕਦਾ। ਨਿਰੇ ਧਾਰਮਿਕ ਭੇਖਾਂ ਨਾਲ ਸਗੋਂ ਭਰਮਾਂ ਵਿਚ ਫਸਿਆ ਰਹਿੰਦਾਂ ਹੈ ਤੇ ਕੁਰਾਹੇ ਪੈ ਜਾਂਦਾ ਹੈ। ਗੁਰੂ ਦੀ ਮਤਿ ਤੇ ਤੁਰ ਕੇ ਹੀ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਮਿਲਦਾ ਹੈ, ਤੇ ਮਨੁੱਖ ਦੀ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਸੁਆਦ ਟਿਕਿਆ ਰਹਿੰਦਾ ਹੈ। "**ਪਾਠੁ ਪੜੈ ਨ ਬੂਝਈ, ਭੇਖੀ ਭਰਮਿ ਭੁਲਾਇ ॥ ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥**" (੬੬, ੬੭)

ਜੇ ਕਰ ਕੋਈ ਬਹੁਤ ਸੁੰਦਰ ਹੈ, ਚੰਗੀ ਕੁਲ ਵਾਲਾ, ਸਿਆਣਾ, ਗਿਆਨਵਾਨ ਤੇ ਧੰਨਵਾਨ ਬੰਦਾ ਹੈ, ਪਰ, ਜੇ ਕਰ ਉਸ ਦੇ ਅੰਦਰ ਅਕਾਲ ਪੁਰਖੁ ਦੀ ਪ੍ਰੀਤ ਨਹੀਂ ਹੈ, ਤਾਂ ਉਹ ਇਕ ਮੁਰਦਾ ਹੀ ਆਖਿਆ ਜਾ ਸਕਦਾ ਹੈ। ਕਿਉਂਕਿ ਵਿਕਾਰਾਂ ਵਿਚ ਮਰੀ ਹੋਈ ਆਤਮਾ ਵਾਲੇ ਦੇ ਜੀਵਨ ਦਾ ਕੋਈ ਅਰਥ ਨਹੀਂ ਹੈ।

ਸਲੋਕੁ ॥ **ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥** (੨੫੩)

ਆਪਣਾ ਹੰਕਾਰ ਘਟਾਣ ਲਈ, ਆਪਣੇ ਆਪ ਦੀ ਬਜਾਏ, ਉਸ ਅਕਾਲ ਪੁਰਖੁ ਨੂੰ ਸੁਚੱਜਾ ਤੇ ਸਿਆਣਾ ਸਮਝਣਾਂ ਚਾਹੀਦਾ ਹੈ। ਜਿਸ ਪ੍ਰਭੂ ਦਾ ਦਿੱਤਾ ਹੋਇਆ ਇਹ ਸਰੀਰ ਤੇ ਮਨ ਹੈ, ਇਹ ਸਾਰਾ ਧਨ-ਪਦਾਰਥ ਵੀ ਉਸੇ ਦਾ ਦਿੱਤਾ ਹੋਇਆ ਹੈ, ਇਸ ਲਈ ਉਹ ਹੀ ਸੁਚੱਜਾ ਹੈ ਤੇ ਸਿਆਣਾ ਹੋ ਸਕਦਾ ਹੈ। ਸਾਡੇ ਜੀਵਾਂ ਦੇ ਦੁੱਖ ਸੁੱਖ ਸਦਾ ਉਹ ਪਰਮਾਤਮਾ ਹੀ ਸੁਣਦਾ ਹੈ। ਸਾਡੀ ਹਾਲਤ ਉਦੋਂ ਚੰਗੀ ਬਣਦੀ ਹੈ ਜਦੋਂ ਅਕਾਲ ਪੁਰਖੁ ਸਾਡੀ ਅਰਦਾਸ ਸੁਣਦਾ ਹੈ। "**ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥ ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥**" (੬੭੧)

ਅਖਰੀ ਗਿਆਨ ਇਸ ਤਰ੍ਹਾਂ ਹੈ, ਜਿਸ ਤਰ੍ਹਾ ਕਿ ਇਕ ਮਾਂ, ਕਿਸੇ ਦੂਸਰੀ ਮਾਂ ਦਾ ਬੱਚਾ, ਗੋਦ ਲੈ ਕੇ ਪਾਲ ਰਹੀ ਹੁੰਦੀ ਹੈ। ਪਰੰਤੂ ਅਨੁਭਵੀ ਗਿਆਨ ਜਾਂ ਆਤਮਿਕ ਗਿਆਨ, ਇਸ ਤਰ੍ਹਾਂ ਹੈ ਜਿਸ ਤਰ੍ਹਾ ਕਿ ਇਕ ਮਾਂ ਨੇ ਆਪ ਬੱਚਾ ਪੈਦਾ ਕੀਤਾ ਹੁੰਦਾਂ ਹੈ ਤੇ ਆਪ ਹੀ ਉਸ ਦਾ ਪਾਲਣ ਪੋਸਣ ਕਰ ਰਹੀ ਹੁੰਦੀ ਹੈ। ਮਾਂ ਤੇ ਅੰਦਰ ਆਪਣੇ ਬੱਚੇ ਪ੍ਰਤੀ ਡੂੰਘਾ ਪ੍ਰੇਮ ਹੁੰਦਾਂ ਹੈ ਤੇ ਬੱਚੇ ਦੀ ਇਕ ਇਕ ਹਰਕਤ ਦਿਲੋਂ ਮਹਿਸੂਸ ਕਰਦੀ ਹੈ। ਅਖਰੀ ਗਿਆਨ ਸਮੁੰਦਰ ਦੇ ਉੱਪਰ ਤਰਨ ਦੀ ਤਰਾਂ ਹੈ ਅਤੇ ਆਤਮਿਕ ਗਿਆਨ ਸਮੁੰਦਰ ਵਿਚ ਡੂੰਘੀ ਟੁੱਭੀ ਮਾਰਨ ਦੀ ਤਰਾਂ ਹੈ।

ਜੇ ਕਰ ਅਖਰੀ ਗਿਆਨ ਬਹੁਤ ਹੈ ਪਰ ਅਨੁਭਵੀ ਗਿਆਨ ਨਹੀਂ ਤਾਂ ਕਾਮ, ਕ੍ਰੋਧ, ਲੋਭ, ਹੰਕਾਰ ਵਧਦੇ ਹਨ। ਇਹ ਸਭ ਪਾਪ ਪੈਦਾ ਕਰਨ ਦੇ ਕਾਰਨ ਬਣਦੇ ਹਨ। ਯੂਰਪ ਵਿਚ ਅਖਰੀ ਗਿਆਨ ਬਹੁਤ ਹੈ ਪਰ ਅਨੁਭਵੀ ਗਿਆਨ ਨਹੀਂ ਹੈ। ਇਸ ਲਈ ਕਤਲ ਕਈ ਗੁਣਾਂ ਵਧ ਗਏ ਹਨ। ਚੋਰੀ ਵਿਚ ਬਹੁਤ ਵਾਧਾ ਹੋ ਗਿਆ ਹੈ। ਬਲਾਤਕਾਰ ਤੇ ਨਜਾਇਜ਼ ਬੱਚਿਆਂ ਦਾ ਪੈਦਾ ਹੋਣਾ ਕਈ ਗੁਣਾਂ ਵਧ ਗਿਆ ਹੈ।

ਅਖਰੀ ਗਿਆਨ ਨਾਲ ਦੁਨਿਆਵੀ ਗਿਆਨ ਵਿਚ ਤਾਂ ਵਾਧਾ ਹੁੰਦਾਂ ਹੈ ਪਰ ਜੀਵਨ ਨਹੀਂ ਬਦਲਦਾ ਹੈ। ਅਨੁਭਵੀ ਗਿਆਨ ਨਾਲ ਜੀਵਨ ਵਿਚ ਸੁਧਾਰ ਆਉਂਦਾ ਹੈ।

ਵਿੱਦਿਆ ਪ੍ਰਾਪਤ ਕਰ ਕੇ ਜੋ ਮਨੁੱਖ ਦੂਜਿਆਂ ਲਈ ਭਲਾਈ ਕਰਨ ਵਾਲਾ ਹੋ ਗਿਆ ਹੈ ਤਾਂ ਸਮਝੋ ਕਿ ਉਹ ਵਿੱਦਿਆ ਪਾ ਕੇ ਇਕ ਵਿਚਾਰਵਾਨ ਬਣ ਗਿਆ ਹੈ। ਤੀਰਥਾਂ ਤੇ ਨਿਵਾਸ ਰੱਖਣ ਵਾਲਾ ਤਦੋਂ ਹੀ ਸਫਲ ਹੁੰਦਾਂ ਹੈ, ਜੇਕਰ ਉਸ ਨੇ ਪੰਜੇ ਕਾਮਾਦਿਕ ਵੱਸ ਵਿਚ ਕਰ ਲਏ ਹਨ। ਭਗਤੀਆ ਬਣ ਕੇ ਘੁੰਘਰੂ ਵਜਾਣੇ ਤਾਂ ਹੀ ਸਫਲ ਹਨ ਜੇ ਕਰ ਮਨ ਪ੍ਰਭੂ-ਚਰਨਾਂ ਵਿਚ ਜੁੜਨਾ ਸਿੱਖ ਗਿਆ ਹੈ। ਫਿਰ ਪਰਲੋਕ ਵਿਚ ਜਮ ਕੁਝ ਵੀ ਨਹੀਂ ਵਿਗਾੜ ਸਕਦੇ। ਸੰਨਿਆਸੀ ਉਹ ਹੈ ਜਿਹੜਾ ਸਭ ਮਾਇਕ-ਆਸਾਂ ਵਲੋਂ ਉਪਰਾਮ ਹੈ। ਅਸਲ ਗ੍ਰਿਹਸਤੀ ਉਹ ਹੈ ਜਿਹੜਾ ਗ੍ਰਿਹਸਤੀ ਹੁੰਦਿਆਂ ਜੋਗੀ ਵਾਲਾ ਜਤ ਕਾਇਮ ਰੱਖਦਾ ਹੈ। ਅਸਲ ਦਿਗੰਬਰ ਨਾਂਗਾ ਜੈਨੀ ਉਹ ਹੈ ਜਿਸ ਦੇ ਹਿਰਦੇ ਵਿਚ ਦਇਆ ਹੈ, ਸਰੀਰ ਨੂੰ ਵਿਕਾਰਾਂ ਵਲੋਂ ਪਵਿੱਤ੍ਰ ਰੱਖਣ ਦੀ ਵਿਚਾਰਧਾਰਾ ਵਾਲਾ ਹੈ। ਅਸਲ ਅਹਿੰਸਾ-ਵਾਦੀ ਉਹ ਹੈ ਜਿਹੜਾ ਮਨੁੱਖ ਆਪਣੇ ਵਿਕਾਰਾਂ ਨੂੰ ਤਾਂ ਮਾਰਦਾ ਹੈ, ਪਰ ਹੋਰਨਾਂ ਨੂੰ ਨਹੀਂ। ਅਕਾਲ ਪੁਰਖੁ ਦੇ ਕੌਤਕ-ਤਮਾਸ਼ੇ ਕੋਈ ਸਮਝ ਨਹੀਂ ਸਕਦਾ, ਕਿਉਂਕਿ ਇਹ ਸਾਰੇ ਪ੍ਰਭੂ ਦੇ ਅਨੇਕਾਂ ਵੇਸ ਹਨ ਤੇ ਹਰੇਕ ਵੇਸ ਵਿਚ ਪ੍ਰਭੂ ਆਪ ਮੌਜੂਦ ਹੈ।

ਆਸਾ ਮਹਲਾ ੧ ਚਉਪਦੇ ॥ **ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ** ॥੧॥ **ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥** ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥੪॥੨੪॥ (੩੫੬)

ਵੇਦ ਪੁਰਾਣ ਆਦਿਕ ਧਾਰਮਿਕ ਪੁਸਤਕਾਂ ਦਾ ਨਿਰੇ ਪੜ੍ਹਨ ਸੁਣਨ ਦਾ ਕੋਈ ਲਾਭ ਨਹੀਂ, ਜੇ ਕਰ ਇਸ ਪੜ੍ਹਨ ਸੁਣਨ ਦੇ ਨਾਲ ਜੀਵਨ ਵਿਚ ਸਹਿਜ ਅਵਸਥਾ ਨਹੀਂ ਆਈ ਤੇ ਉਸ ਪ੍ਰਭੂ ਦਾ ਮਿਲਾਪ ਨਾ ਹੋਇਆ। ਇਕ ਮੂਰਖ ਦੀ ਤਰ੍ਹਾਂ ਵਾਰ ਵਾਰ ਹੋਰ ਸੋਚਾਂ ਸੋਚਣ ਨਾਲ ਕੋਈ ਲਾਭ ਨਹੀਂ ਹੋਣਾ ਹੈ, ਉਸ ਪਰਮਾਤਮਾ ਦਾ ਨਾਮ ਨੂੰ ਆਪਣੇ ਹਿਰਦੇ ਵਿਚ ਵਸਾਣਾ ਹੈ। ਹਨੇਰੇ ਵਿਚੋਂ ਲੱਭਣ ਲਈ ਚਾਨਣ (ਦੀਵੇ) ਦੀ ਲੋੜ ਹੁੰਦੀ ਹੈ। ਪਰ ਦੁਨਿਆਵੀ ਚਾਨਣ ਨਾਲ ਹਰੀ ਦਾ ਨਾਮ ਨਹੀਂ ਮਿਲ ਸਕਦਾ, ਕਿਉਂਕਿ ਉਸ ਤਕ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਧਾਰਮਿਕ ਪੁਸਤਕਾਂ ਪੜ੍ਹਨ ਨਾਲ ਉਹ ਗਿਆਨ ਦਾ ਦੀਵਾ ਮਨ ਵਿਚ ਜਗਣਾ ਚਾਹੀਦਾ ਹੈ ਜਿਸ ਨਾਲ ਅੰਦਰ ਵੱਸਦਾ ਪਰਮਾਤਮਾ ਲੱਭ ਪਏ। ਆਮ ਦੁਨੀਆਂ ਦੀ ਇਹ ਸੋਚ ਹੁੰਦੀ ਹੈ ਕਿ ਧਾਰਮਿਕ ਪੁਸਤਕਾਂ ਦੇ ਰਿਵਾਇਤੀ ਪਾਠ ਕਰਨ ਤੇ ਕਰਾਉਣ ਨਾਲ, ਧਾਰਮਿਕ ਸਥਾਨਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਜਾਂ ਹੋਰ ਕਈ ਤਰ੍ਹਾਂ ਦੇ ਕਰਮ-ਕਾਂਡਾਂ ਨਾਲ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪਰੰਤੂ ਇਨ੍ਹਾਂ ਨਾਲ ਸਰੀਰਕ ਤਲ ਤਕ ਤਾਂ ਪਹੁੰਚਿਆ ਜਾਂ ਸਕਦਾ ਹੈ ਪਰ ਮਨ ਤਕ ਨਹੀਂ। ਲੋਕਾਚਾਰੀ ਲਈ ਪਾਠ ਕਰਾਉਣ ਨਾਲ ਆਮ ਲੋਕਾਂ ਦੀ ਤਸੱਲੀ ਕਰਾਈ ਜਾ ਸਕਦੀ ਹੈ ਪਰ ਉਸ ਅਕਾਲ ਪੁਰਖੁ ਦੀ ਨਹੀਂ। "**ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ** ॥੧॥ **ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ** ॥" (੬੫੫-੬੫੬)

ਮਨੁੱਖਾ ਜੀਵਨ ਵਿਅਰਥ ਗਵਾ ਲੈਣ ਨੂੰ ਅਕਲ ਨਹੀਂ ਆਖਿਆ ਜਾ ਸਕਦਾ ਹੈ, ਅਕਲ ਇਸ ਵਿਚ ਹੈ ਕਿ ਪਰਮਾਤਮਾ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇ। ਅਕਲ ਨਾਲ ਹੀ ਅਕਾਲ ਪੁਰਖੁ ਦੀ ਸੇਵਾ ਕੀਤੀ ਜਾ ਸਕਦੀ ਹੈ ਤੇ ਅਕਲ ਨਾਲ ਹੀ ਉਸ ਦੇ ਦਰ ਤੇ ਮਾਨ ਪ੍ਰਾਪਤ ਕੀਤਾ ਜਾ ਸਕਦਾ ਹੈ। ਅਕਲ ਨਾਲ ਹੀ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਵਾਲੀ ਬਾਣੀ ਪੜ੍ਹ ਕੇ ਉਸ ਦੇ ਡੂੰਘੇ ਭੇਤ ਸਮਝੇ ਜਾ ਸਕਦੇ ਹਨ ਤੇ ਹੋਰਨਾਂ ਨੂੰ ਸਮਝਾਏ ਜਾ ਸਕਦੇ ਹਨ। ਆਮ ਦੁਨਿਆਵੀ ਦਾਨ ਨਾਲ ਕੋਈ ਲਾਭ ਨਹੀਂ ਹੋਣਾ। ਇਸ ਲਈ ਅਰਦਾਸ ਵਿਚ "**ਦਾਨਾਂ ਸਿਰ ਦਾਨ ਨਾਮ ਦਾਨ**" ਦੀ ਬੇਨਤੀ ਕੀਤੀ ਜਾਂਦੀ ਹੈ। ਸਿੱਖ ਧਰਮ ਵਿਚ ਦਾਨ ਦੇਣ ਦੀ ਬਜਾਏ ਭੇਟਾ ਦੀ ਪਰੰਪਰਾ ਹੈ ਕਿਉਂਕਿ ਨਿਮਰਤਾ ਨਾਲ ਦਿੱਤੀ ਗਈ ਭੇਟਾ ਹੰਕਾਰ ਪੈਦਾ ਨਹੀਂ ਹੋਣ ਦਿੰਦੀ। ਸਹਾਇਤਾ ਲੋੜਵੰਦਾਂ ਦੀ ਕਰਨੀ ਹੈ। ਮੰਗਤੇ ਜਾਂ ਗਲਤ ਵਿਅਕਤੀ ਨੂੰ ਦਿੱਤੀ ਗਈ ਮਾਇਆ ਉਸ ਅੰਦਰ ਵਿਕਾਰ ਹੀ ਪੈਦਾ ਕਰੇਗੀ। ਅੱਜਕਲ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਕੱਚੀ ਬਾਣੀ ਨਾਲ ਹੋ ਰਹੀ ਹੈ, ਜਿਸ ਕਰਕੇ ਭੇਖੀ ਸੰਤ ਪੈਦਾ ਹੋ ਰਹੇ ਹਨ। ਅਕਲ ਤਾਂ ਸੱਚੀ ਬਾਣੀ ਪੜ੍ਹ ਕੇ, ਸਮਝ ਕੇ ਤੇ ਉਸ ਮਾਰਗ ਤੇ ਚਲ ਕੇ ਹੀ ਆ ਸਕਦੀ ਹੈ, ਪਰ ਜਿਆਦਾ ਤਰ ਲੋਕ ਰਵਾਇਤਾਂ ਤਕ ਹੀ ਸੀਮਿਤ ਰਹਿਣਾ ਚਾਹੁੰਦੇ ਹਨ। ਧਾਰਮਿਕ ਸਥਾਨਾਂ ਤੇ ਲੋਕ ਮੰਗਤਿਆਂ ਨੂੰ ਪੈਸੇ ਦਿੰਦੇ ਤਾਂ ਅਕਸਰ ਵੇਖੇ ਜਾ ਸਕਦੇ ਹਨ ਪਰ ਲੋੜਵੰਦ ਦੀ ਕੋਈ ਵਿਰਲਾ ਹੀ ਸਹਾਇਤਾ ਕਰਦਾ ਹੈ। ਸਮਾਜ ਵਿਚ ਅਸੀਂ ਆਪ ਹੀ ਸ਼ੈਤਾਨ ਪੈਦਾ ਕਰਨ ਕਰੀ ਜਾ ਰਹੇ ਹਾਂ। "**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥**" (੧੨੪੫)

ਜੇ ਕਰ ਵਿੱਦਿਆਰਥੀ ਸਬਦ ਦਾ ਵਿਸ਼ਲੇਸ਼ਨ ਕਰੀਏ ਤਾਂ ਕਹਿ ਸਕਦੇ ਹਾਂ: ਵਿ = ਵਿਗਿਆਨਕ ਬਿਰਤੀ ਵਾਲਾ (ਖੋਜ਼ੀ ਸੁਭਾਅ), ਦਿ = ਦਿਆਨਤਦਾਰ, ਅ = ਅਗਿਆਨਤਾ ਨਾਸ ਕਰਨ ਵਾਲਾ (ਗੁਰੂ ਦੀ ਮਤ ਗ੍ਰਹਿਣ ਕਰਨ ਵਾਲਾ), ਰ = ਰਫਤਾਰ ਨਾਲ ਚਲਣ ਵਾਲਾ, ਥ = ਥਕਾਵਟ ਰਹਿਤ

ਵਿੱਦਿਆਰਥੀ ਹਮੇਸ਼ਾਂ ਗੁਰੂ ਦੀ ਮਤ ਅਨੁਸਾਰ ਚਲਦਾ ਹੈ। ਜਿਸ ਸੇਵਾ ਨਾਲ ਸਤਿਗੁਰੂ ਦਾ ਮਨ ਆਪਣੇ ਸੇਵਕ ਤੇ ਪਤੀਜ ਜਾਏ, ਉਹੋ ਸੇਵਾ ਕੀਤੀ ਹੋਈ ਲਾਹੇਵੰਦ ਹੁੰਦੀ ਹੈ, ਕਿਉਂਕਿ ਜਦੋਂ ਸਤਿਗੁਰੂ ਦਾ ਮਨ ਪਤੀਜੇ, ਤਾਂ ਵਿਕਾਰ ਤੇ ਪਾਪ ਦੂਰ ਹੋ ਜਾਂਦੇ ਹਨ। ਗੁਰੂ ਦੇ

ਸਿੱਖ ਹਮੇਸ਼ਾਂ ਸਤਿਗੁਰੂ ਦੇ ਉਪਦੇਸ਼ ਨੂੰ ਗਹੁ ਨਾਲ ਸੁਣਦੇ ਹਨ। **"ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥"** (੩੧੪)

ਗੁਰੂ ਦੀ ਮਤ ਇਕ ਐਸੀ ਅਨਮੋਲਕ ਦਾਤ, ਜੇ ਕਰ ਸੁਣ ਲਈ ਜਾਵੇ ਤਾਂ ਜੀਵਨ ਵਿਚ ਤਬਦੀਲੀ ਆ ਜਾਂਦੀ ਹੈ। ਗੁਰੂ ਸਾਹਿਬ ਦੀ ਸਿਖਿਆ ਸੁਣ ਕੇ; ਭੂਮੀਆਂ, ਚੋਰ ਤੋਂ ਸਿੱਖ ਪਰਚਾਰਕ ਬਣ ਗਿਆ; ਸੱਜਣ, ਠੱਗ ਤੋਂ ਇਕ ਉੱਤਮ ਮਨੁੱਖ ਤੇ ਸਾਥੀ ਬਣ ਗਿਆ; ਬਿਧੀ ਚੰਦ, ਚੋਰ ਤੋਂ ਸੱਚਾ ਸੇਵਕ ਬਣ ਗਿਆ। ਜੇ ਸਤਿਗੁਰੂ ਦੀ ਸਿੱਖਿਆ ਸੁਣ ਲਈ ਜਾਏ, ਤਾਂ ਮਨੁੱਖ ਦੀ ਬੁੱਧ ਦੇ ਅੰਦਰ ਰਤਨ, ਜਵਾਹਰ ਤੇ ਮੋਤੀ ਉੱਪਜ ਪੈਂਦੇ ਹਨ, ਭਾਵ, ਪਰਮਾਤਮਾ ਦੇ ਗੁਣ ਪੈਦਾ ਹੋ ਜਾਂਦੇ ਹਨ। **"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥"** (੨)

ਸਤਿਗੁਰੂ ਦੀ ਸਿੱਖਿਆ ਚੰਗੇ ਗੁਣਾਂ ਤਕ ਹੀ ਸੀਮਿਤ ਨਹੀਂ ਰਹਿੰਦੀ। ਇਸ ਨਾਲ ਪਰਮ ਖ਼ੁਸ਼ੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ, ਸਤਿਸੰਗਤ ਵਿਚ ਆਤਮਿਕ ਅਨੰਦ ਮਾਣਿਆ ਜਾ ਸਕਦਾ ਹੈ, ਪ੍ਰਭੂ ਦੇ ਨਾਮ ਦੇ ਭੇਤ ਨੂੰ ਸਮਝਿਆ ਜਾ ਸਕਦਾ ਹੈ, ਮਨੁੱਖਾ ਜੀਵਨ ਵਿਕਾਰਾਂ ਤੋਂ ਬਚਾਇਆ ਜਾ ਸਕਦਾ ਹੈ। ਅਗਿਆਨਤਾ ਦਾ ਅੰਧੇਰਾ ਮਿਟ ਸਕਦਾ ਹੈ। ਸਤਿਗੁਰੂ ਦੇ ਉਪਦੇਸ਼ ਨੂੰ ਸੁਣ ਕੇ ਹਿਰਦੇ ਵਿਚ ਵਸਾਣ ਨਾਲ ਮਨ ਚਾਹੀਆਂ ਮੰਗਾਂ ਪੂਰੀਆਂ ਹੋ ਸਕਦੀਆਂ ਹਨ। **"ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥** (੨੯੩)

ਇਸ ਗਲ ਦਾ ਖਾਸ ਧਿਆਨ ਰੱਖਣਾਂ ਹੈ ਕਿ ਪੂਰੇ ਸਤਿਗੁਰੂ ਦੀ ਸਿੱਖਿਆ ਸੁਣਨੀ ਹੈ ਕਿਸੇ ਅਧੂਰੇ ਡੇਰੇ ਵਾਲੇ ਬਾਬੇ ਜਾਂ ਭੇਖੀ ਸੰਤ ਦੀ ਨਹੀਂ। ਅਕਾਲ ਪੁਰਖ ਨੂੰ ਹਰ ਥਾਂ, ਹਰ ਹਿਰਦੇ ਵਿਚ ਹਾਜ਼ਰ ਨਾਜ਼ਰ ਜਾਨਣਾ ਹੈ। **"ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥"** (੨੯੫)

ਇਕੱਲੀ ਸਿਖਿਆ ਲੈਂਣ ਤਕ ਹੀ ਸੀਮਿਤ ਨਹੀਂ ਰਹਿਣਾਂ ਹੈ। ਗੁਰਬਾਣੀ ਦੁਆਰਾ ਸਮਝਾਏ ਗਏ ਹੁਕਮੁ ਅਨੁਸਾਰ ਅਮਲ ਕਰਨਾ ਹੈ। ਤਾਂ ਹੀ ਪ੍ਰਭੂ ਦੇ ਦਰ ਤੇ ਕਬੂਲ ਹੋ ਸਕਦੇ ਹਾਂ। ਜਦੋਂ ਸੇਵਕ ਉਹੀ ਕੰਮ ਕਰਦਾ ਹੈ ਜੋ ਖਸਮ ਨੂੰ ਚੰਗਾ ਲੱਗਦਾ ਹੈ ਤਾਂ ਉਸ ਨੂੰ ਮਨ-ਭਾਉਂਦਾ ਫਲ ਪ੍ਰਾਪਤ ਹੁੰਦਾਂ ਹੈ ਅਤੇ ਉਹ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਨਾਲ ਜਾਂਦਾ ਹੈ। **"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥"** (੪੭੧)

**ਪੜ੍ਹਨਾਂ → ਸਮਝਣਾਂ → ਮਨ ਵਿਚ ਵਸਾਉਣਾਂ → ਲਗਾਤਾਰ ਕੋਸ਼ਿਸ਼ → ਮੰਜ਼ਲ ਦੀ ਪ੍ਰਾਪਤੀ**

ਮਨੁੱਖ ਅੰਦਰ ਬੁਧੀ ਹੈ ਪਰੰਤੂ ਪਸ਼ੂ ਵਿਚ ਬੁਧੀ ਨਹੀਂ ਹੈ। ਇਹੀ ਕਾਰਨ ਹੈ ਕਿ ਕੱਟੇ ਦੀ ਖੱਲ ਵਿਚ ਭੁਸਾ ਭਰ ਕੇ ਮੱਝ ਕੋਲ ਲੈ ਜਾਉ ਤਾਂ ਮੱਝ ਦੁੱਧ ਦੇ ਦਿੰਦੀ ਹੈ। ਜੇ ਕਰ ਅਕਾਲ ਪੁਰਖੁ ਨੇ ਮਨੁੱਖ ਨੂੰ ਬੁੱਧੀ ਦਿੱਤੀ ਹੈ ਤਾਂ ਉਸ ਦਾ ਸਹੀ ਇਸਤੇਮਾਲ ਕਰਨਾ ਹੈ। ਅਜੇਹੀ ਤਾਲੀਮ ਦਾ ਕੀ ਫਾਇਦਾ, ਜਿਹੜੀ ਸਾਨੂੰ ਆਪਣੇ ਧਰਮ ਤੇ ਮਨੁੱਖਤਾ ਤੋਂ ਨਫਰਤ ਪੈਦਾ ਕਰਾਵੇ। **"ਭੱਠ ਪਏ ਸੋਨਾ ਜਿਹੜਾ ਕੰਨਾ ਨੂੰ ਪਾੜੇ"**। ਅਸੀਂ ਅੰਗਰੇਜ਼ਾਂ ਦੇ ਇਤਨੇ ਗੁਲਾਮ ਹੋ ਗਏ ਹਾਂ ਕਿ ਉਨ੍ਹਾਂ ਦੀ ਹਰੇਕ ਗਲ ਨੂੰ ਬਿਨਾ ਸੋਚੇ ਸਮਝੇ ਤੇ ਪਰਖੇ ਅਪਨਾ ਲੈਂਦੇ ਹਾਂ। ਚਾਹੀਦਾ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਨਵੀਆਂ ਤਕਨੀਕਾਂ ਨੂੰ ਪਰਖਦੇ ਤੇ ਜਿਹੜੀਆਂ ਸਾਡੇ ਅਨੁਕੂਲ ਹਨ ਉਨ੍ਹਾਂ ਨੂੰ ਅਪਨਾਉਂਦੇ। ਖਾਣ ਪੀਣ ਦੀਆਂ ਗਲਤ ਆਦਤਾਂ, ਆਪਸੀ ਮੇਲ ਮਿਲਾਪ ਦੀ ਕਮੀ, ਤੇ ਨੰਗੇਜ਼ਬਾਜ਼ ਵਿਚ ਪੈ ਕੇ ਆਪਣਾ ਪਰਵਾਰਿਕ ਤੇ ਸਮਾਜਕ ਜੀਵਨ ਬਰਬਾਦ ਕਰਨ ਵਿਚ ਕੋਈ ਸਿਆਣਪ ਨਹੀਂ ਹੈ।

ਜੀਵਨ ਵਿਚ ਚੱਲਣ ਲਈ ਸ਼ਰਧਾ ਅਤੇ ਗੁਰਮਤਿ ਗਿਆਨ, ਦੋਵਾਂ ਦੀ ਲੋੜ ਹੈ। ਗੁਰੂ ਅੰਗਦ ਸਾਹਿਬ ਨੂੰ ਮਿਲਨ ਤੋਂ ਪਹਿਲਾਂ ਬਾਬਾ ਅਮਰ ਦਾਸ ਜੀ ਕਈ ਤੀਰਥਾਂ ਤੇ ਗਏ, ਕੋਸ਼ਿਸ਼ ਕੀਤੀ, ਪੌੜੀਆਂ ਚੜ੍ਹੇ, ਪਰ ਮੰਜ਼ਲ ਤੇ ਨਹੀਂ ਪਹੁੰਚ ਸਕੇ, ਕਿਉਂਕਿ ਸੱਚਾ ਗੁਰੂ ਨਹੀਂ ਸੀ ਅਪਨਾਇਆ।

ਗੁਰਬਾਣੀ ਵਿਚ ਤਾਂ ਸਪਸ਼ਟ ਸਮਝਾਇਆ ਗਿਆ ਹੈ ਕਿ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ ਨਾਲ ਮਾਇਆ ਦੇ ਮੋਹ ਦੀ ਮੈਲ ਨਹੀਂ ਉੱਤਰ ਸਕਦੀ। ਮਿਥੇ ਹੋਏ ਧਾਰਮਿਕ ਕੰਮ ਕਰਨ ਨਾਲ ਉਲਟਾ ਹਉਮੈਂ ਵਿਚ ਵਾਧਾ ਹੁੰਦਾਂ ਹੈ। ਲੋਕਾਂ ਦੀ ਤਸੱਲੀ ਕਰਾਣ ਨਾਲ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ। ਪਰਮਾਤਮਾ ਦੇ ਨਾਮ ਤੋਂ ਸੱਖਣੇ ਸਭ ਜੀਵ ਇਥੋਂ ਰੋ ਰੋ ਕੇ ਹੀ ਜਾਣਗੇ। **"ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥ ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥"** (੮੯੦)

ਹੋਰਨਾਂ ਧਰਮਾਂ ਦੇ ਲੋਕਾਂ ਵੱਲ ਵੇਖ ਕੇ ਕਈਆਂ ਵੀਰਾਂ ਨੇ ਆਪਣੇ ਤੀਰਥ ਬਣਾ ਲਏ ਹਨ ਤੇ ਉਨ੍ਹਾਂ ਦੀ ਯਾਤਰਾ ਲਈ ਧੜਾ ਧੜ ਬਸਾਂ ਗੱਡੀਆਂ ਚਲਾ ਦਿਤੀਆਂ ਹਨ। ਚਾਹੀਦਾ ਤਾਂ ਸੀ ਕਿ ਦੂਸਰਿਆਂ ਨੂੰ ਗੁਰਮਤਿ ਸਿਖਾਂਦੇ ਪਰ ਆਪ ਹੀ ਉਸ ਦੇ ਉਲਟ ਚਲ ਰਹੇ ਹਾਂ। ਜਿਸ ਤੀਰਥ ਤੇ ਗੁਰੂ ਸਾਹਿਬ ਜਾਣ ਲਈ ਸਮਝਾਂਦੇ ਹਨ ਉਸ ਲਈ ਕੋਈ ਤਿਆਰ ਨਹੀਂ। ਉਹ ਤੀਰਥ ਹੈ ਪਰਮਾਤਮਾ ਦਾ ਨਾਮ। ਇਹ ਤੀਰਥ ਦਾ ਇਸ਼ਨਾਨ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਪ੍ਰਾਪਤ ਕੀਤੇ ਗਏ ਗਿਆਨ ਨੂੰ ਹਿਰਦੇ ਵਿਚ ਵਸਾਣ ਨਾਲ ਹੀ ਹੋ ਸਕਦਾ ਹੈ। **"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥"** (੬੮੭)

ਜੇ ਕਰ ਅਧਿਆਪਕ ਅੰਦਰ ਗਿਆਨ ਨਹੀਂ ਹੈ ਤਾਂ ਵਿੱਦਿਆਰਥੀ ਸਾਰੀ ਉਮਰ ਪਛਤਾਂਦਾ ਹੈ। ਅੱਜਕਲ ਸਾਡੇ ਗਰੰਥੀ ਤੇ ਰਾਗੀ ਉਹ ਹਨ ਜਿਨ੍ਹਾਂ ਦਾ ਵਿਦਿਅਕ ਪੱਧਰ ਬਹੁਤ ਘਟ ਹੈ। ਉਨ੍ਹਾਂ ਨੇ ਹੋਰ ਦੁਨੀਆਂ ਦੇ ਲੋਕਾਂ ਨੂੰ ਸਿੱਖੀ ਤਾਂ ਕੀ ਸਮਝਾਣੀ ਖੁਦ ਸਿੱਖਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਪ੍ਰੇਰਤ ਨਹੀਂ ਕਰ ਸਕਦੇ ਹਨ। ਜਿਆਦਾ ਤਰ ਪ੍ਰਚਾਰਕ ਤਾਂ ਉਹ ਮਿਲਦੇ ਹਨ ਜਿਹੜੇ ਸਿੱਖ ਧਰਮ ਦੀਆਂ ਗੱਲਾਂ ਘਟ ਤੇ

ਹੋਰਨਾਂ ਧਰਮਾਂ ਜਾਂ ਕਰਮ ਕਾਂਡਾਂ ਤੇ ਜਿਆਦਾ ਸਮਾਂ ਬਿਤਾਂਦੇ ਹਨ। ਕੋਈ ਵਿਰਲਾ ਹੀ ਹੁੰਦਾਂ ਹੈ ਜਿਹੜਾ ਆਪਣੇ ਵਿਸ਼ੇ ਦੇ ਆਧਾਰ ਤੇ ਗੁਰਮਤਿ ਵਿਚਾਰ ਸਾਂਝੀ ਕਰਦਾ ਹੈ। ਬਹੁਤਿਆਂ ਦਾ ਤਾਂ ਇਹ ਵੀ ਪਤਾ ਨਹੀਂ ਲਗਦਾ ਹੈ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਆਮ ਗਰੰਥੀ ਤਾਂ ਪਰਚਲਤ ਗੱਲਾਂ ਵਾਰ ਵਾਰ ਦੁਹਰਾਉਂਦੇ ਰਹਿੰਦੇ ਹਨ ਭਾਵੇਂ ਵਿਚਾਰ ਕਿਸੇ ਵੀ ਵਿਸ਼ੇ ਜਾਂ ਸ਼ਬਦ ਕੀਤਾ ਜਾ ਰਿਹਾ ਹੋਵੇ।

ਪਰਮਾਤਮਾ ਦਾ ਨਾਮ-ਪਦਾਰਥ ਉਸ ਨੂੰ ਮਿਲਦਾ ਜੋ ਮਨੁੱਖ ਗੁਰੂ ਦੇ ਦੱਸੇ ਰਸਤੇ ਉੱਤੇ ਤੁਰਦਾ ਹੈ। ਅਜੇਹਾ ਮਨੁੱਖ ਸਤਿਗੁਰੂ ਦੀ ਬਾਣੀ ਰਾਹੀਂ ਸਮਝਦਾ ਤੇ ਸੋਚਦਾ ਹੈ। ਸਤਿਗੁਰੂ ਦੀ ਬਾਣੀ ਮੁੜ ਮੁੜ ਪੜ੍ਹ ਕੇ, ਉਸ ਨੂੰ ਇਹ ਭੇਤ ਖੁਲ੍ਹਦਾ ਹੈ ਕਿ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਪਰਮਾਤਮਾ ਹੀ ਓੜਕ ਨੂੰ ਸਦਾ-ਥਿਰ ਰਹਿਣ ਵਾਲਾ ਹੈ। ਗੁਰੂ ਦੇ ਰਾਹ ਤੇ ਤੁਰਨ ਵਾਲਾ ਮਨੁੱਖ ਉਸ ਸਦਾ-ਥਿਰ ਪਰਮਾਤਮਾ ਨੂੰ ਹੀ ਹਰ ਥਾਂ ਵੇਖਦਾ ਹੈ, ਅਨੁਭਵ ਕਰਦਾ ਹੈ ਤੇ ਆਪਣੇ ਹਿਰਦੇ ਵਿਚ ਵਸਾਂਦਾ ਹੈ। ਪਰਮਾਤਮਾ ਤੋਂ ਛੁਟ ਬਾਕੀ ਸਾਰਾ ਜਗਤ ਉਸ ਨੂੰ ਨਾਸ਼ਵੰਦ ਦਿੱਸਦਾ ਹੈ। **"ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥ ਗੁਰਮੁਖਿ ਦੇਖੈ ਸਾਚੁ ਸਮਾਲੇ, ਬਿਨੁ ਸਾਚੇ ਜਗੁ ਕਾਚਾ ॥੨॥"** (੯੩੦)

ਅੱਜਕਲ ਰੁਜ਼ਗਾਰ ਲਈ ਦੁਨਿਆਵੀ ਸਿਖਿਆ ਤੇ ਵਿਖਾਵਿਆਂ ਤੇ ਜਿਆਦਾ ਜੋਰ ਹੈ। ਫ਼ਿਲਮੀ ਐਕਟਰ ਨਾਚ ਤੇ ਸ਼ਿੰਗਾਰ ਕਰਕੇ ਪੈਸੇ ਕਮਾਂਦੇ ਹਨ ਤੇ ਆਪਣੇ ਆਪ ਨੂੰ ਰੋਲ ਮਾਡਲ ਪੇਸ਼ ਕਰਦੇ ਹਨ। ਠੀਕ ਇਸ ਤਰ੍ਹਾਂ ਕਈ ਸਾਲ ਪਹਿਲਾਂ ਵੀ ਹੁੰਦਾ ਸੀ। **"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥"** (੪੬੮-੪੬੯)॥ ਅਜੇਹੇ ਮਨੁੱਖ ਆਪਣੇ ਆਪ ਨੂੰ ਗਿਆਨ-ਵਾਨ ਉਪਦੇਸ਼ਕ ਅਖਵਾਂਦੇ ਸਨ, ਨੱਚਦੇ ਸਨ, ਵਾਜੇ ਵਜਾਂਦੇ ਸਨ ਅਤੇ ਕਈ ਤਰ੍ਹਾਂ ਦੇ ਭੇਸ ਵਟਾਂਦੇ ਸਨ ਤੇ ਸ਼ਿੰਗਾਰ ਕਰਦੇ ਸਨ। ਅਜੇਹੇ ਗਿਆਨੀ ਉੱਚੀ ਉੱਚੀ ਕੂਕਦੇ ਸਨ, ਯੁਧਾਂ ਦੇ ਪਰਸੰਗ ਸੁਣਾਂਦੇ ਸਨ ਅਤੇ ਯੋਧਿਆਂ ਦੀਆਂ ਵਾਰਾਂ ਦੀ ਵਿਆਖਿਆ ਕਰਦੇ ਸਨ। ਅੱਜਕਲ ਦੇ ਫ਼ਿਲਮੀ ਐਕਟਰਾਂ ਨੇ ਵਿਦੇਸ਼ੀ ਸਭਿਅਤਾ ਦਾ ਮੇਲ ਕਰਕੇ ਇਨ੍ਹਾਂ ਨੂੰ ਨਵਾਂ ਰੂਪ ਦੇ ਦਿਤਾ ਹੈ। ਕਈ ਪੜ੍ਹੇ-ਲਿਖੇ ਸਰਕਾਰੀ ਅਫਸਰ ਅਤੇ ਰਾਜਨੀਤਕ ਨਿਰੀਆਂ ਚਲਾਕੀਆਂ ਕਰਨੀਆਂ ਤੇ ਦਲੀਲਾਂ ਦੇਣੀਆਂ ਹੀ ਜਾਣਦੇ ਹਨ, ਉਹ ਮਾਇਆ ਇਕੱਠਾ ਕਰਨ ਵਿਚ ਜੁੱਟੇ ਰਹਿੰਦੇ ਹਨ। **"ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥"** (੪੬੮-੪੬੯)॥

ਟੀ:ਵੀ:, ਅਖਬਾਰ, ਇੰਟਰਨੈਟ ਤੇ ਇਤਨਾਂ ਜਿਆਦਾ ਪਰਾਪੇਗੰਡਾ ਹੋ ਰਿਹਾ ਹੈ ਕਿ ਆਮ ਆਦਮੀ ਲਈ ਕੀ ਠੀਕ ਤੇ ਕੀ ਗਲਤ ਹੈ, ਪਛਾਨਣਾ ਮੁਸ਼ਕਲ ਹੋ ਗਿਆ ਹੈ। ਹਰੇਕ ਆਪਣੇ ਆਪ ਨੂੰ ਠੀਕ ਤੇ ਦੂਸਰੇ ਨੂੰ ਗਲਤ ਦੱਸ ਰਿਹਾ ਹੈ। **"ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥"** (੪੬੮-੪੬੯)

ਜਿਸ ਤਰ੍ਹਾਂ ਮਾਰੂਥਲ ਦੀ ਮ੍ਰਿਗਤ੍ਰਿਸ਼ਨਾ ਕਰਕੇ ਸੁੱਕੀ ਰੇਤਾ ਵੀ ਪਾਣੀ ਦਿਖਾਈ ਦਿੰਦੀ ਹੈ। ਅੰਧੇਰੇ ਵਿਚ ਰੱਸੀ, ਸੱਪ ਲਗਦੀ ਹੈ ਤੇ ਸੱਪ, ਰੱਸੀ ਲਗਦਾ ਹੈ। ਠੀਕ ਉਸੇ ਤਰ੍ਹਾਂ ਅੱਜਕਲ ਅਗਿਆਨਤਾ ਕਰਕੇ ਆਮ ਲੋਕਾਂ ਨੂੰ, ਕੀ ਠੀਕ ਤੇ ਕੀ ਗਲਤ ਹੈ, ਕੁਝ ਪਤਾ ਨਹੀਂ ਲਗਦਾ ਹੈ।

ਅਗਿਆਨਤਾ ਵਿਚ ਫਸੇ ਤੇ ਕੁਰਾਹੇ ਭਟਕ ਰਹੇ ਮਨੁੱਖ ਨੂੰ ਸੱਚਾ ਗੁਰੂ ਹੀ ਰਸਤਾ ਵਿਖਾ ਸਕਦਾ ਹੈ। ਸੱਚੇ ਸਤਿਗੁਰੂ ਨੂੰ ਸ਼ਾਬਾਸ਼ ਹੈ, ਜਿਸ ਦੀ ਬਰਕਤ ਨਾਲ ਅਸੀਂ ਸੱਚੇ ਪ੍ਰਭੂ ਨੂੰ ਹਿਰਦੇ ਵਿਚ ਵਸਾ ਸਕਦੇ ਹਾਂ। ਜਿਸ ਮਨੁੱਖ ਦੇ ਅੰਦਰ ਸਤਿਗੁਰੂ ਗਿਆਨ ਦਾ ਦੀਵਾ ਜਗਾ ਦਿੰਦਾ ਹੈ, ਉਸ ਨੂੰ ਆਪਣੇ ਅੰਦਰੋਂ ਹੀ ਨਾਮ ਰਤਨ ਲੱਭ ਪੈਂਦਾ ਹੈ। ਗੁਰੂ ਦੀ ਸ਼ਰਨ ਵਿਚ ਆ ਕੇ, ਸੱਚੇ ਸ਼ਬਦ ਰਾਹੀਂ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਨਾਲ, ਮਨੁੱਖ ਸੁੱਖੀ ਹੋ ਜਾਂਦਾ ਹੈ ਤੇ ਖਸਮ ਵਾਲਾ ਹੋ ਜਾਂਦਾ ਹੈ। **"ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥"** (੧੪੯)

ਅੱਜ ਦੇ ਹਾਲਾਤ ਵਿਚ ਸਿੱਖਾਂ ਦੀਆਂ ਜਿਆਦਾਤਰ ਸੰਸਥਾਵਾਂ ਜਾਂ ਸਕੂਲ ਸਿੱਖੀ ਤੋਂ ਦੂਰ ਹੀ ਹਨ। ਪ੍ਰਿੰਸੀਪਲ ਜਾਂ ਸਟਾਫ ਕਈ ਵਾਰੀ ਅੰਮ੍ਰਿਤਧਾਰੀ ਨਹੀਂ ਹੁੰਦੇ ਹਨ। ਵਿਰਲਾ ਹੀ ਕਿਸੇ ਸਕੂਲ ਵਿਚ ਧਾਰਮਿਕ ਸਿਖਿਆ ਦੇਣ ਵਾਲਾ ਅਧਿਆਪਕ ਹੁੰਦਾਂ ਹੈ। ਜਿਆਦਾ ਤਰ ਖ਼ਾਲਸਾ ਕਾਲਜ਼ ਸਿੱਖੀ ਵਿਰੁਧ ਰੋਲ ਅਦਾ ਕਰਦੇ ਹਨ। ਕਈ ਸਕੂਲਾਂ ਦਾ ਵਿਦਿਅਕ ਪੱਧਰ ਜਾਂ ਮਾਹੌਲ ਠੀਕ ਨਾ ਹੋਣ ਕਰਕੇ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਹੋਰਨਾਂ ਸਕੂਲਾਂ ਵਿਚ ਭੇਜ ਦਿੰਦੇ ਹਨ।

**ਬਹੁਤ ਸਾਰੇ ਪੜ੍ਹੇ ਲਿਖੇ ਸਿੱਖ ਬੱਚੇ ਆਪਣੇ ਮਾਤਾ ਪਿਤਾ ਨੂੰ ਅਨਪੜ੍ਹ ਸਮਝਦੇ ਹਨ।** ਉਨ੍ਹਾਂ ਦੀਆਂ ਗੱਲਾਂ ਨੂੰ ਵਿਅਰਥ ਹੀ ਸਮਝਦੇ ਹਨ। ਇਸ ਲਈ ਉਨ੍ਹਾਂ ਦਾ ਆਪਸ ਵਿਚ ਇਕ ਫਾਸਲਾ ਬਣ ਗਿਆ ਹੈ। ਜੇ ਕਰ ਬੱਚਿਆਂ ਨੂੰ ਕਿਸੇ ਨੇ ਹੇਠ ਲਿਖਿਆ ਸ਼ਬਦ ਸਮਝਾਇਆ ਹੁੰਦਾਂ ਤਾਂ ਬੱਚੇ ਕਦੀ ਗੁਮਰਾਹ ਨਾ ਹੁੰਦੇ।

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥** (੧੩੭੮)

**ਆਪਣੇ ਮਾਤਾ ਪਿਤਾ ਨੂੰ ਅਨਪੜ੍ਹ ਸਮਝਣ ਦੀ ਬਜਾਏ ਉਹ ਇਹ ਸੋਚਦੇ ਕਿ ਸਾਡੇ ਮਾਤਾ ਪਿਤਾ ਨੇ ਦਿਨ ਰਾਤ ਮਿਹਨਤ ਕਰਕੇ ਸਾਨੂੰ ਪਾਲਿਆ ਹੈ। ਆਪ ਘੱਟ ਖਾਧਾ ਤੇ ਸਾਨੂੰ ਖਵਾਇਆ ਹੈ। ਆਪ ਘੱਟ ਪਹਿਨਿਆ ਤੇ ਸਾਡੀਆਂ ਕਿਤਾਬਾ ਦੇ ਪੈਸੇ ਪੂਰੇ ਕੀਤੇ। ਜੇ ਕਰ ਬੱਚੇ ਮਾਤਾ ਪਿਤਾ ਦੀ ਕੁਰਬਾਨੀ ਨੂੰ ਸਮਝਣ ਤਾਂ ਮਾਤਾ ਪਿਤਾ ਅਨਪੜ੍ਹ ਨਹੀਂ ਦਿਖਾਈ ਦੇਣਗੇ। ਅਜੇਹੀ ਭਾਵਨਾ ਪੈਦਾ ਕਰਨ ਵਿਚ ਮਾਤਾ ਪਿਤਾ ਦਾ ਵੀ ਹਿਸਾ ਹੈ, ਕਿਉਂਕਿ ਬਹੁਤ ਸਾਰੇ ਮਾਤਾ ਪਿਤਾ ਆਪਣੇ ਬੱਚੇ ਲਈ ਦੁਨਿਆਵੀ ਸਿਖਿਆ ਲਈ ਤਾਂ ਪੂਰਾ ਜੋਰ ਲਗਾ ਦਿੰਦੇ ਹਨ, ਪਰ ਧਰਮ ਦੀ ਸਿਖਿਆ ਨੂੰ ਫਜ਼ੂਲ ਹੀ ਸਮਝਦੇ ਹਨ। ਬੱਚਿਆਂ ਨੂੰ ਸਿੱਖੀ ਤੋਂ ਦੂਰ ਕਰਨ ਦੇ ਜ਼ਿਮੇਵਾਰ ਅਸੀਂ ਆਪ ਹਾਂ। ਇਸ ਲਈ ਮਾਤਾ ਪਿਤਾ ਨੂੰ ਅਪਾਣੀ ਸੋਚ ਬਦਲਣੀ ਪਵੇਗੀ।**

**ਬਹੁਤ ਸਾਰੇ ਮਾਤਾ ਪਿਤਾ ਨੂੰ ਇਹ ਵੀ ਪਤਾ ਨਹੀਂ ਕਿ ਸਿੱਖ ਧਰਮ ਕੀ ਹੈ। ਉਹ ਡੇਰੇ ਵਾਲਿਆਂ ਦੇ ਕਰਮ ਕਾਂਡਾ ਨੂੰ ਹੀ ਧਰਮ**

**ਸਮਝਦੇ ਰਹਿੰਦੇ ਹਨ। ਇਥੇ ਹੀ ਬਸ ਨਹੀਂ ਮਾਤਾ ਪਿਤਾ, ਖੁਦ ਆਪਣੇ ਪੁੱਤਰ ਵਿਚ ਹਉਮੈ ਭਰ ਦਿੰਦੇ ਹਨ।** ਸਾਡਾ ਪੁੱਤਰ ਇੰਜ਼ੀਨੀਅਰ ਬਣ ਗਿਆ ਹੈ, ਡਾਕਟਰ ਬਣ ਗਿਆ ਹੈ। ਅਜੇਹੇ ਬੱਚੇ ਦੇ ਅੰਦਰ ਨਾਮੁ ਕਿਸ ਤਰ੍ਹਾਂ ਵੱਸ ਸਕਦਾ ਹੈ। **"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥"** (੫੬੦)

ਸਾਡੇ ਕਾਲਜ਼ਾਂ ਦਾ ਪ੍ਰਬੰਧ ਅਮੀਰ ਅਤੇ ਅਨਪੜ੍ਹ ਲੋਕਾਂ ਦੇ ਹੱਥ ਵਿਚ ਆ ਗਿਆ ਹੈ। ਜਿਹਨਾਂ ਨੂੰ ਧਰਮ ਅਤੇ ਆਤਮਿਕ ਗਿਆਨ ਦਾ ਪਤਾ ਹੀ ਨਹੀਂ। ਉਹ ਨਾ ਤਾਂ ਪ੍ਰਬੰਧ ਕਰ ਸਕਦੇ ਹਨ ਤੇ ਨਾ ਹੀ ਧਰਮ ਦੀ ਉੱਨਤੀ ਲਈ ਕੁਝ ਕਰ ਸਕਦੇ ਹਨ। ਉਨ੍ਹਾਂ ਦਾ ਮੰਤਵ ਸਿਰਫ ਚੌਧਰ ਤੇ ਪੈਸਾ ਕਮਾਣਾ ਹੁੰਦਾਂ ਹੈ।

ਕੀ ਅਸੀਂ ਇਸ ਸੰਸਾਰ ਵਿਚ ਕੰਮ ਕਾਰ ਕਰਨ ਅਤੇ ਰੋਟੀ ਖਾਣ ਵਾਸਤੇ ਹੀ ਆਏ ਹਾਂ। ਉਹ ਤਾਂ ਜਾਨਵਰ ਵੀ ਕਰਦੇ ਹਨ। ਫਿਰ ਇਨਸਾਨ ਅਤੇ ਜਾਨਵਰ ਵਿਚ ਕੀ ਫਰਕ ਰਹਿ ਗਿਆ। ਇਹ ਸੋਹਣਾ ਮਨੁੱਖਾ ਸਰੀਰ ਪਰਮਾਤਮਾ ਨੂੰ ਮਿਲਣ ਲਈ ਮਿਲਿਆ ਹੈ। ਇਹ ਮੌਕਾ ਵਾਰ ਵਾਰ ਨਹੀਂ ਮਿਲਣਾ ਹੈ। ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾ ਕੀਤਾ, ਤਾਂ ਹੋਰ ਸਾਰੇ ਕੰਮ ਕਿਸੇ ਵੀ ਅਰਥ ਨਹੀਂ। ਪਦਾਰਥ ਨਾ ਤਾਂ ਜੀਵਨ ਵਿਚ ਸੁਖ ਦੇ ਸਕਦੇ ਹਨ ਤੇ ਨਾ ਜਿੰਦ ਨੂੰ ਕੋਈ ਲਾਭ ਪੁਚਾ ਸਕਦੇ ਹਨ। ਇਸ ਵਾਸਤੇ ਸਾਧ ਸੰਗਤਿ ਵਿਚ ਮਿਲ ਬੈਠ ਕੇ, ਪਰਮਾਤਮਾ ਦਾ ਨਾਮ ਯਾਦ ਕਰਨ ਨਾਲ ਹੀ ਜੀਵਨ ਸਫਲ ਹੋ ਸਕਦਾ ਹੈ। **"ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥"** (੧੨)

ਬਾਣੀ ਸੰਗਤੀ ਰੂਪ ਵਿਚ ਸੋਚਣ ਦੀ ਪ੍ਰੇਰਨਾ ਦਿੰਦੀ ਹੈ ਪਰ ਬਹੁਤੇ ਪੜ੍ਹੇ ਲਿਖੇ, ਕਿੱਤਾਕਾਰ, ਪ੍ਰਬੰਧਕ, ਨੇਤਾ ਆਪਣੇ ਸਵਾਰਥ ਲਈ ਹੀ ਸੋਚਦੇ ਹਨ, ਸੰਗਤੀ ਰੂਪ ਵਿਚ ਨਹੀਂ। ਪੰਥਕ ਜਾਂ ਕੌਮੀ ਰੋਲ ਬਾਰੇ ਤਾਂ ਕੋਈ ਵਿਰਲਾ ਹੀ ਸੋਚਦਾ ਹੈ।

**ਇਹ ਸਾਡਾ ਆਪਣਾ ਪਾਇਆ ਗੰਦ ਸਾਨੂੰ ਆਪ ਹੀ ਕੱਢਣਾਂ ਪਵੇਗਾ।** ਇਸ ਦਾ ਹੱਲ ਲੱਭਣ ਲਈ ਡੂੰਘੀ ਸੋਚ ਵਿਚਾਰ ਕਰਨੀ ਪਵੇਗੀ। **ਬਜ਼ੁਰਗਾਂ ਦੇ ਵਿਚਾਰ ਅਕਸਰ ਪੱਕੇ ਹੋ ਚੁਕੇ ਹੁੰਦੇ ਹਨ।** ਇਸ ਲਈ ਉਨ੍ਹਾਂ ਨੂੰ ਬਦਲਣਾ ਬਹੁਤ ਮੁਸ਼ਕਲ ਹੋਵੇਗਾ। **ਨੌਜਵਾਨਾ ਦੇ ਵਿਚਾਰ ਇਤਨੇ ਪੱਕੇ ਨਹੀਂ ਹੁੰਦੇ ਹਨ। ਇਸ ਲਈ ਉਨ੍ਹਾਂ ਨਾਲ ਆਪਸੀ ਸਾਂਝ ਕਰਕੇ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ।** ਬੱਚੇ ਇਕ ਕੋਮਲ ਫੁੱਲ ਦੀ ਤਰ੍ਹਾਂ ਹੁੰਦੇ ਹਨ **ਉਨ੍ਹਾਂ ਜਿਸ ਤਰ੍ਹਾਂ ਚਾਹੋ ਪਿਆਰ ਨਾਲ ਸਜਾ ਸਕਦੇ ਹੋ। ਪਰੰਤੂ ਉਨ੍ਹਾਂ ਨੂੰ ਠੀਕ ਮਾਹੌਲ ਤੇ ਸਿਖਿਆ ਦੇਣੀ ਪਵੇਗੀ। ਆਪ ਸੱਚ ਤੇ ਚਲਣਾ ਪਵੇਗਾ ਤਾਂ ਹੀ ਉਹ ਵੇਖ ਕੇ ਗੁਰਮਤਿ ਦਾ ਮਾਰਗ ਅਪਨਾਣਗੇ।** **"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥"** (੪੭੪)

ਔਰਤਾਂ ਮਰਦਾਂ ਨਾਲੋਂ ਜਿਆਦਾ ਨਰਮ ਸੁਭਾ ਵਾਲੀਆਂ ਹੁੰਦੀਆਂ ਹਨ। ਮਰਦ ਜਿਆਦਾ ਮੋਟੀ ਚਮੜੀ ਵਾਲੇ ਹੁੰਦੇ ਹਨ। ਮਰਦ ਆਪਣੇ ਹੰਕਾਰ ਕਰਕੇ ਆਪਣੇ ਆਪ ਨੂੰ ਸਮਾਜ ਜਾਂ ਦੂਸਰਿਆਂ ਤੋਂ ਵੱਖ ਕਰ ਲੈਂਦੇ ਹਨ। ਔਰਤਾਂ ਆਪਣੀ ਪਦਵੀ ਤੋਂ ਘੱਟ ਵਾਲੀਆਂ ਨਾਲ ਮਿਲਦੀਆਂ ਜਾਂ ਗੱਲਾਂ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਪਰ ਇਸ ਤਰ੍ਹਾਂ ਮਰਦਾਂ ਵਿਚ ਬਹੁਤ ਘੱਟ ਹੁੰਦਾਂ ਹੈ। ਜੀਵਨ ਵਿਚ ਨੀਵਾਂ ਚਲਣਾਂ ਜਰੂਰੀ ਹੈ। ਸਾਨੂੰ ਆਪਣਾਂ ਵਤੀਰਾ ਬਦਲਣਾਂ ਪਵੇਗਾ। ਸਾਡਾ ਫ਼ਰਜ਼ ਹੈ ਕਿ ਦੂਸਰਿਆਂ ਨੂੰ ਦੱਸਣਾਂ ਕਿ ਅਸੀਂ ਗੁਰੂ ਦੇ ਸਿੱਖ ਹਾਂ। ਜਿਹੜੇ ਇਸ ਨੂੰ ਲੁਕਾਉਂਦੇ ਹਨ, ਉਹ ਭੇਖੀ ਹਨ। ਅਜੇਹੇ ਮਨੁੱਖ ਸਿੱਖੀ ਲਈ ਲਾਹੇਵੰਦ ਨਹੀਂ ਹੋ ਸਕਦੇ ਹਨ। ਪੜ੍ਹੇ ਲਿਖੇ ਤਬਕੇ ਨੇ ਆਪਣੇ ਆਪ ਨੂੰ ਲੜਾਈ ਫਸਾਦ ਤੇ ਜੁਮੇਵਾਰੀ ਤੋਂ ਡਰਦੇ ਹੋਏ, ਗੁਰਦੁਆਰਿਆਂ ਤੋਂ ਦੂਰ ਕਰ ਲਿਆ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਅਕਸਰ ਉਨ੍ਹਾਂ ਦੀ ਨਹੀਂ ਸੁਣਦੇ ਹਨ। ਸਾਨੂੰ ਲੋੜਵੰਦ ਸਿੱਖ ਵਿੱਦਿਆਰਥੀਆਂ ਦੀ ਪੜ੍ਹਾਈ ਵਿਚ ਅਤੇ ਮਾਇਕ ਸਹਾਇਤਾ ਕਰਕੇ ਉਨ੍ਹਾਂ ਵਿਚ ਸਿੱਖੀ ਜ਼ਜਬਾ ਭਰਨਾ ਹੈ।

ਆਪਣੇ ਹੀ ਦਿਲ ਨੂੰ ਹਰ ਵੇਲੇ ਖੋਜਣਾ ਹੈ ਤਾਂ ਜੋ ਉਸ ਅਕਾਲ ਪੁਰਖੁ ਨੂੰ ਸਮਝ ਸਕੀਏ ਤੇ ਅਨੁਭਵ ਕਰ ਸਕੀਏ, ਉਸ ਨਾਲ ਨੇੜਤਾ ਲਿਆ ਸਕੀਏ। ਅਜੇਹਾ ਕਰਨ ਨਾਲ ਸਾਡੀਆਂ ਪ੍ਰੇਸ਼ਾਨੀਆਂ ਆਪਣੇ ਆਪ ਘਟਨ ਲਗ ਪੈਣਗੀਆਂ। ਇਹ ਜਗਤ ਇਕ ਜਾਦੂ ਵਰਗਾ ਤਮਾਸ਼ਾ ਹੈ। ਜਿਹੜਾ ਵੇਖਣ ਨੂੰ ਕੁਝ ਹੋਰ ਤੇ ਅਸਲੀਅਤ ਵਿਚ ਕੁਝ ਹੋਰ ਹੀ ਹੈ। **"ਬੰਦੇ ਖੋਜੁ ਦਿਲ ਹਰ ਰੋਜ, ਨਾ ਫਿਰੁ ਪਰੇਸਾਨੀ ਮਾਹਿ ॥"** (੭੨੭)

ਗੁਰੂ ਦੀ ਮਤ ਲੈਣ ਲਈ ਉਪਰਾਲਾ ਕਰਨਾ ਹੈ। ਲੋੜ ਹੈ ਸਿਰਫ ਸ਼ੁਰੂਆਤ ਕਰਨ ਦੀ, ਬਾਕੀ ਰਸਤਾ ਤੇ ਹਿੰਮਤ ਗੁਰੂ ਆਪਣੇ ਆਪ ਹੀ ਦੇ ਦਿੰਦਾ ਹੈ। **"ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿ ਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ।" ॥੧੧੧॥**

ਸਿੱਖ ਧਰਮ ਅਨੁਸਾਰ ਅਕਾਲ ਪੁਰਖੁ (ਪਰਮਾਤਮਾ) ਇਕ ਹੈ। ਅਕਾਲ ਪੁਰਖੁ, ਗੁਰੂ ਦੀ ਕ੍ਰਿਪਾ (ਗੁਰ ਪ੍ਰਸਾਦਿ) ਨਾਲ ਹੀ ਪਾਇਆ ਜਾ ਸਕਦਾ ਹੈ। ਇਸ ਲਈ ਜੇ ਕਰ ਗੁਰੂ ਦੀ ਕ੍ਰਿਪਾ ਚਾਹੀਦੀ ਹੈ, ਤਾਂ ਗੁਰੂ ਦੇ ਹੁਕਮ ਅਨੁਸਾਰ ਚਲਣਾਂ ਪਵੇਗਾ, ਗੁਰੂ ਦੇ ਦੱਸੇ ਹੋਏ ਰਸਤੇ ਤੇ ਚਲਣਾਂ ਪਵੇਗਾ। ਜੋ ਕੁਝ ਵੀ ਗੁਰੂ ਆਖਦਾ ਹੈ, ਉਸ ਨੂੰ ਆਪਣੇ ਵਾਸਤੇ ਭਲਾ ਸਮਝੋ। ਗੁਰਬਾਣੀ ਤਾਂ ਸਾਫ ਸਮਝਾਂਦੀ ਹੈ। **"ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥"** (੨੬੭, ੨੬੮)

ਇਹ ਵੀ ਧਿਆਨ ਰੱਖਣਾ ਹੈ ਕਿ ਸਿੱਖਿਆ ਪੂਰੇ ਸਤਿਗੁਰੁ ਕੋਲੋ ਲੈਣੀ ਹੈ ਅਧੂਰੇ ਕੋਲੋ ਨਹੀਂ। ਕਿਉਂਕਿ ਪੂਰੇ ਸਤਿਗੁਰੂ ਦੀ ਸਿੱਖਿਆ ਹੀ ਪੂਰਨ ਹੁੰਦੀ ਹੈ ਅਤੇ ਜਿਸ ਮਨੁੱਖ ਦੇ ਮਨ ਵਿਚ ਇਹ ਸਿੱਖਿਆ ਵੱਸਦੀ ਹੈ ਉਸ ਨੂੰ ਸਦਾ-ਥਿਰ ਰਹਿਣ ਵਾਲਾ ਪ੍ਰਭੂ ਸਮਝ ਆ ਜਾਂਦਾ ਹੈ। **"ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥"** (੨੯੩)

ਇਤਿਹਾਸ ਇਸ ਗਲ ਦਾ ਗਵਾਹ ਹੈ ਕਿ ਗੁਰੂ ਸਾਹਿਬਾਂ ਨੇ ਵਿੱਦਿਆ ਨੂੰ ਕਿਨ੍ਹਾਂ ਮਹੱਤਵ ਦਿਤਾ ਹੈ। ਜਦੋਂ ਗੁਰੂ ਅੰਗਦ ਸਾਹਿਬ

ਜੀ ਬੱਚਿਆਂ ਨੂੰ ਗੁਰਮੁਖੀ ਅਤੇ ਗੁਰਮਤਿ ਸਿਖਾ ਰਹੇ ਸਨ ਤਾਂ ਉਨ੍ਹਾਂ ਨੇ ਹਮਾਯੂੰ ਵੱਲ ਧਿਆਨ ਨਹੀਂ ਦਿਤਾ। ਕ੍ਰੋਧ ਵਿਚ ਆ ਕੇ ਜਦੋਂ ਉਸ ਨੇ ਮਿਆਨ ਵਿਚੋਂ ਤਲਵਾਰ ਕਢੀ ਤਾਂ ਗੁਰੂ ਸਾਹਿਬ ਨੇ ਬੜੇ ਸ਼ਾਂਤ ਸੁਭਾਅ ਵਿਚ ਕਿਹਾਂ ਕਿ ਫਕੀਰਾਂ ਦੇ ਸਾਹਮਣੇ ਤਾਂ ਤਲਵਾਰ ਮਿਆਨ ਵਿਚੋਂ ਕਢ ਰਿਹਾ ਹਾਂ, ਇਹ ਸ਼ੇਰ ਸ਼ਾਹ ਸੂਰੀ ਦੇ ਸਾਹਮਣੇ ਕਿਉਂ ਨਹੀਂ ਕਢੀ।

ਗੁਰੂ ਗੋਬਿੰਦ ਸਿੰਘ ਜੀ ਨੇ ਹਰੇਕ ਸਿੱਖ ਲਈ ਗੁਰਮੁਖੀ ਪੜ੍ਹਨੀ ਅਤੇ ਸਿਖਣੀ ਲਾਜਮੀ ਕਰ ਦਿੱਤੀ ਸੀ। ਇਕ ਵਾਰੀ ਇਕ ੮੦ ਸਾਲ ਦੇ ਬਜ਼ੁਰਗ ਆਏ ਤੇ ਕਹਿਣ ਲਗੇ ਕਿ ਮੈਂ ਕਿਸ ਤਰ੍ਹਾਂ ਪੜ੍ਹ ਸਕਦਾ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਇਹ ਤੇ ਮੈਂ ਸੋਚਿਆ ਨਹੀਂ ਸੀ ਕਿ ਸਿੱਖ ਕਦੇ ਬੁੱਢਾ ਵੀ ਹੁੰਦਾਂ ਹੈ। ਅੱਜ ਕੱਲ ਦੇ ਬਜ਼ੁਰਗਾਂ ਨੂੰ ਵੀ ਗੁਰੂ ਅਮਰਦਾਸ ਜੀ ਦੇ ਇਸ ਸ਼ਬਦ ਵੱਲ ਧਿਆਨ ਦੇਣ ਦੀ ਲੋੜ ਹੈ। **"ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ"** (੧੪੧੮)

ਪ੍ਰਭੂ ਦੇ ਨਾਮੁ ਰੂਪੀ ਗਿਆਨ (ਤੇਲ) ਤੋਂ ਬਿਨਾ ਆਤਮਕ ਜੀਵਨ ਦਾ ਦੀਵਾ ਕਿਵੇਂ ਜਗਦਾ ਰਹਿ ਸਕਦਾ ਹੈ। ਨਾਮੁ ਰੂਪੀ ਗਿਆਨ ਲਈ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਨੂੰ ਭਉ, ਭਾਉ ਤੇ ਭਾਵਨਾ ਨਾਲ ਪੜ੍ਹਨਾਂ, ਸਮਝਣਾ, ਵਿਚਾਰਨਾ ਤੇ ਅਮਲੀ ਜੀਵਨ ਵਿਚ ਲਿਆਣਾਂ ਜਰੂਰੀ ਹੈ ਤਾਂ ਜੋ ਸਚ ਦਾ ਗਿਆਨ ਹੋ ਸਕੇ। ਗੁਰਮਤਿ ਦੁਆਰਾ ਪ੍ਰਭੂ ਦੇ ਨਾਮੁ ਦਾ ਚਾਨਣ ਕਰਨ ਨਾਲ ਹੀ ਮਾਲਕ-ਪ੍ਰਭੂ ਦੇ ਦਰਸ਼ਨ ਹੋ ਸਕਦੇ ਹਨ। "**ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ** ॥ **ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥ ਸਚੁ ਬੂਝਣੁ ਆਣਿ ਜਲਾਈਐ** ॥੨॥ **ਇਹੁ ਤੇਲੁ ਦੀਵਾ ਇਉ ਜਲੈ ॥ ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ** ॥" (੨੪, ੨੫)

ਜਿਥੇ ਸੂਰਜ ਚੜ੍ਹ ਜਾਵੇ ਉੱਥੇ ਹਨੇਰਾ ਨਹੀਂ ਰਹਿੰਦਾਂ ਹੈ। ਜਿਥੇ ਗੁਰਬਾਣੀ ਆ ਜਾਵੇ ਉੱਥੇ ਅਗਿਆਨਤਾ ਨਹੀਂ ਰਹਿੰਦੀ ਹੈ। ਸਤਿਗੁਰੂ ਦੀ ਬਾਣੀ ਇਸ ਜਗਤ ਵਿਚ ਜੀਵਨ ਦੇ ਰਸਤੇ ਵਿਚ ਚਾਨਣ ਕਰਦੀ ਹੈ। ਇਹ ਬਾਣੀ ਪਰਮਾਤਮਾ ਦੀ ਮਿਹਰ ਨਾਲ ਹੀ ਮਨੁੱਖ ਦੇ ਮਨ ਵਿਚ ਆ ਵੱਸਦੀ ਹੈ। ਇਸ ਲਈ ਮਨ ਨੂੰ ਇਹੀ ਸਮਝਾਂਣਾ ਹੈ ਕਿ ਹੇ ਮੇਰੇ ਮਨ ! ਗੁਰਬਾਣੀ ਦੁਆਰਾ ਪਰਮਾਤਮਾ ਦਾ ਨਾਮੁ ਜਪ, ਇਸ ਤਰ੍ਹਾਂ ਨਾਮੁ ਜਪਣ ਨਾਲ ਹੀ ਆਤਮਕ ਆਨੰਦ ਪ੍ਰਾਪਤ ਹੋ ਸਕਦਾ ਹੈ। ਪੂਰੇ ਗੁਰੂ ਨੂੰ, ਭਾਵ ਸੱਚੀ ਬਾਣੀ ਨੂੰ ਹੀ ਧੰਨ ਧੰਨ ਆਖਣਾ ਚਾਹੀਦਾ ਹੈ। ਜਦੋਂ ਸੱਚੀ ਬਾਣੀ ਮਨੁੱਖ ਦੇ ਅੰਗ ਸੰਗ ਰਹਿੰਦੀ ਹੈ ਤਾਂ ਉਹ ਅਡੋਲ ਅਵੱਸਥਾ ਵਿਚ ਟਿਕਿਆ ਰਹਿੰਦਾਂ ਹੈ, ਜਿਸ ਸਦਕਾ ਮਨੁੱਖ ਨੂੰ ਉਹ ਪਰਮਾਤਮਾ ਮਿਲ ਪੈਂਦਾ ਹੈ। "**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ** ॥੧॥ **ਮਨ ਰੇ ਨਾਮੁ ਜਪਹੁ ਸੁਖੁ ਹੋਇ ॥ ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ** ॥" (੬੭)

**ਜੇ ਕਰ ਉਪਰ ਲਿਖੀਆਂ, ਗੁਰਬਾਣੀ ਦੀਆਂ ਸਿਖਿਆਵਾਂ, ਨੂੰ ਇਕੱਠਾ ਕਰੀਏ ਤਾਂ ਅਸੀਂ ਸੰਖੇਪ ਵਿਚ ਕਹਿ ਸਕਦੇ ਹਾਂ ਕਿ**

- ਅੱਜਕਲ ਮਾਤਾ ਪਿਤਾ ਬੱਚਿਆਂ ਨੂੰ ਗੁਰਬਾਣੀ ਤੋਂ ਸੱਚ ਤੇ ਜੀਵਨ ਜਾਚ ਲਈ ਸਿਖਿਆ ਲੈਣੀ ਫਜ਼ੂਲ ਸਮਝਦੇ ਹਨ।
- ਗੁਰਬਾਣੀ ਅਨੁਸਾਰ ਉਹ ਮਨੁੱਖ ਪੜ੍ਹਿਆ ਹੋਇਆ ਹੈ, ਜਿਹੜਾ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਦਾ ਹੈ, ਆਪਣੇ ਮਨ ਨੂੰ ਅੰਦਰੋਂ ਖੋਜਦਾ ਹੈ, ਜੀਵਨ ਦੇ ਮੰਤਵ ਨੂੰ ਪਛਾਣਦਾ ਹੈ, ਆਪਣੇ ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ ਤੇ ਤ੍ਰਿਸ਼ਨਾ ਤੋਂ ਬਚਣ ਲਈ ਰਸਤਾ ਲਭ ਲੈਂਦਾ ਹੈ।
- ਗੁਰੂ ਸਾਹਿਬ ਸਮਝਾਂਦੇ ਹਨ ਕਿ ਇਹੋ ਜਿਹੇ ਪੜ੍ਹੇ ਹੋਏ ਨੂੰ ਮੂਰਖ ਆਖਣਾ ਚਾਹੀਦਾ ਹੈ ਜਿਸ ਦੇ ਅੰਦਰ ਲੋਭ ਤੇ ਅਹੰਕਾਰ ਹੈ।
- ਅੱਜਕਲ ਕੋਈ ਵਿਰਲੇ ਹੀ ਸਿੱਖ ਮਿਲਦੇ ਹਨ ਜਿਨ੍ਹਾਂ ਨੇ ਜਪੁਜੀ ਸਾਹਿਬ ਦੇ ਅਰਥ ਅਤੇ ਭਾਵ ਅਰਥ ਆਪ ਪੜ੍ਹੇ ਤੇ ਸਮਝੇ ਹੋਣ।
- ਸਾਨੂੰ ਆਪਣੇ ਗੁਰਦੁਆਰਿਆ ਦਾ ਪਰਚਾਰ ਦਾ ਢੰਗ ਬਦਲਣਾ ਪਵੇਗਾ, ਕਿਉਕਿ ਬੱਚਿਆਂ ਨੂੰ ਗਾਇਨ ਕੀਤੇ ਜਾ ਰਹੇ ਸ਼ਬਦ ਦੇ ਅੱਖਰ, ਅਰਥ ਅਤੇ ਭਾਵ ਅਰਥ ਕੁਝ ਵੀ ਸਮਝ ਨਹੀਂ ਆਉਂਦੇ ਹਨ।
- ਜੇ ਕਰ ਅਖਰੀ ਗਿਆਨ ਬਹੁਤ ਹੈ ਪਰ ਅਨੁਭਵੀ ਗਿਆਨ ਨਹੀਂ ਤਾਂ ਕਾਮ, ਕ੍ਰੋਧ, ਲੋਭ, ਹੰਕਾਰ ਵਧਦੇ ਹਨ।
- ਬਾਣੀ ਕੁਰਲੀਆਂ ਕਰਨ ਵਾਗੂੰ ਨਹੀਂ ਪੜ੍ਹਨੀ ਹੈ। ਬਾਣੀ ਹਿਰਦੇ ਅੰਦਰ ਜਾਣੀ ਚਾਹੀਦੀ ਹੈ ਤਾਂ ਹੀ ਅਨੰਦ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ।
- ਅਖਰੀ ਗਿਆਨ ਨਾਲ ਗਿਆਨ ਵਿਚ ਤਾਂ ਵਾਧਾ ਹੁੰਦਾਂ ਹੈ ਪਰ ਜੀਵਨ ਨਹੀਂ ਬਦਲਦਾ ਹੈ। ਅਨੁਭਵੀ ਗਿਆਨ ਨਾਲ ਜੀਵਨ ਵਿਚ ਸੁਧਾਰ ਆਉਂਦਾ ਹੈ।
- ਵਿੱਦਿਆ ਪ੍ਰਾਪਤ ਕਰ ਕੇ ਜੋ ਮਨੁੱਖ ਦੂਜਿਆਂ ਲਈ ਭਲਾਈ ਕਰਨ ਵਾਲਾ ਹੋ ਗਿਆ ਹੈ ਤਾਂ ਸਮਝੋ ਕਿ ਉਹ ਵਿੱਦਿਆ ਪਾ ਕੇ ਇਕ ਵਿਚਾਰਵਾਨ ਬਣ ਗਿਆ ਹੈ।
- ਅਕਲ ਇਸ ਵਿਚ ਹੈ ਕਿ ਪਰਮਾਤਮਾ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇ। ਅਕਲ ਨਾਲ ਹੀ ਅਕਾਲ ਪੁਰਖੁ ਦੀ ਸੇਵਾ ਕੀਤੀ ਜਾ ਸਕਦੀ ਹੈ ਤੇ ਅਕਲ ਨਾਲ ਹੀ ਉਸ ਦੇ ਦਰ ਤੇ ਮਾਨ ਪ੍ਰਾਪਤ ਕੀਤਾ ਜਾ ਸਕਦਾ ਹੈ। ਅਕਲ ਨਾਲ ਹੀ ਅਕਾਲ ਪੁਰਖੁ ਦੀ ਸਿਫ਼ਤਿ-ਸਾਲਾਹ ਵਾਲੀ ਬਾਣੀ ਪੜ੍ਹ ਕੇ ਉਸ ਦੇ ਡੂੰਘੇ ਭੇਤ ਸਮਝੇ ਜਾ ਸਕਦੇ ਹਨ ਤੇ ਹੋਰਨਾਂ ਨੂੰ ਸਮਝਾਏ ਜਾ ਸਕਦੇ ਹਨ।
- ਧਾਰਮਿਕ ਸਥਾਨਾਂ ਤੇ ਲੋਕ ਮੰਗਤਿਆਂ ਨੂੰ ਪੈਸੇ ਦਿੰਦੇ ਤਾਂ ਅਕਸਰ ਵੇਖੇ ਜਾ ਸਕਦੇ ਹਨ ਪਰ ਲੋੜਵੰਦ ਦੀ ਕੋਈ ਵਿਰਲਾ ਹੀ ਸਹਾਇਤਾ ਕਰਦਾ ਹੈ।

- ਇਸ ਗਲ ਦਾ ਖਾਸ ਧਿਆਨ ਰੱਖਣਾਂ ਹੈ ਕਿ ਪੂਰੇ ਸਤਿਗੁਰੂ ਦੀ ਸਿੱਖਿਆ ਸੁਣਨੀ ਹੈ ਕਿਸੇ ਅਧੂਰੇ ਡੇਰੇ ਵਾਲੇ ਬਾਬੇ ਜਾਂ ਭੇਖੀ ਸੰਤ ਦੀ ਨਹੀਂ।
- ਜੀਵਨ ਵਿਚ ਚੱਲਣ ਲਈ ਸ਼ਰਧਾ ਅਤੇ ਗੁਰਮਤਿ ਗਿਆਨ, ਦੋਵਾਂ ਦੀ ਲੋੜ ਹੈ।
- ਅੱਜਕਲ ਸਾਡੇ ਗਰੰਥੀ ਤੇ ਰਾਗੀ ਉਹ ਹਨ ਜਿਨ੍ਹਾਂ ਦਾ ਵਿਦਿਅਕ ਪੱਧਰ ਬਹੁਤ ਘਟ ਹੈ। ਉਨ੍ਹਾਂ ਨੇ ਹੋਰ ਦੁਨੀਆਂ ਦੇ ਲੋਕਾਂ ਨੂੰ ਸਿੱਖੀ ਤਾਂ ਕੀ ਸਮਝਾਣੀ, ਖੁਦ ਸਿੱਖਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਪ੍ਰੇਰਤ ਨਹੀਂ ਕਰ ਸਕਦੇ ਹਨ।
- ਟੀ:ਵੀ:, ਅਖਬਾਰ, ਇੰਟਰਨੈਟ ਤੇ ਇਤਨਾਂ ਜਿਆਦਾ ਪਰਾਪੇਗੰਡਾ ਹੋ ਰਿਹਾ ਹੈ ਕਿ ਆਮ ਆਦਮੀ ਲਈ, ਕੀ ਠੀਕ ਤੇ ਕੀ ਗਲਤ ਹੈ, ਪਛਾਨਣਾ ਮੁਸ਼ਕਲ ਹੋ ਗਿਆ ਹੈ।
- ਬਹੁਤ ਸਾਰੇ ਪੜ੍ਹੇ ਲਿਖੇ ਸਿੱਖ ਬੱਚੇ ਆਪਣੇ ਮਾਤਾ ਪਿਤਾ ਨੂੰ ਅਨਪੜ੍ਹ ਸਮਝਦੇ ਹਨ। ਉਨ੍ਹਾਂ ਦੀਆਂ ਗੱਲਾਂ ਨੂੰ ਵਿਅਰਥ ਹੀ ਸਮਝਦੇ ਹਨ।
- ਬਹੁਤ ਸਾਰੇ ਮਾਤਾ ਪਿਤਾ ਨੂੰ ਇਹ ਵੀ ਪਤਾ ਨਹੀਂ ਕਿ ਸਿੱਖ ਧਰਮ ਕੀ ਹੈ। ਉਹ ਡੇਰੇ ਵਾਲਿਆਂ ਦੇ ਕਰਮ ਕਾਂਡਾ ਨੂੰ ਹੀ ਧਰਮ ਸਮਝਦੇ ਰਹਿੰਦੇ ਹਨ।
- ਬਾਣੀ ਸੰਗਤੀ ਰੂਪ ਵਿਚ ਸੋਚਣ ਦੀ ਪ੍ਰੇਰਨਾ ਦਿੰਦੀ ਹੈ ਪਰ ਬਹੁਤੇ ਪੜ੍ਹੇ ਲਿਖੇ, ਕਿਤਾਕਾਰ, ਪਰਬੰਧਕ, ਨੇਤਾ ਆਪਣੇ ਸਵਾਰਥ ਲਈ ਹੀ ਸੋਚਦੇ ਹਨ, ਸੰਗਤੀ ਰੂਪ ਵਿਚ ਨਹੀਂ।
- ਬੱਚੇ ਇਕ ਕੋਮਲ ਫੁੱਲ ਦੀ ਤਰ੍ਹਾਂ ਹੁੰਦੇ ਹਨ ਉਨ੍ਹਾਂ ਜਿਸ ਤਰ੍ਹਾਂ ਚਾਹੋ ਪਿਆਰ ਨਾਲ ਸਜਾ ਸਕਦੇ ਹੋ। ਪਰੰਤੂ ਉਨ੍ਹਾਂ ਨੂੰ ਠੀਕ ਮਹੌਲ ਤੇ ਸਿਖਿਆ ਦੇਣੀ ਪਵੇਗੀ।
- ਗੁਰੂ ਦੀ ਮਤ ਲੈਣ ਲਈ ਉਪਰਾਲਾ ਕਰਨਾ ਹੈ। ਲੋੜ ਹੈ ਸਿਰਫ ਸ਼ੁਰੂਆਤ ਕਰਨ ਦੀ, ਬਾਕੀ ਰਸਤਾ ਤੇ ਹਿੰਮਤ ਗੁਰੂ ਆਪਣੇ ਆਪ ਹੀ ਦੇ ਦਿੰਦਾ ਹੈ।

ਇਸ ਲਈ ਆਉ ਸਾਰੇ ਜਾਣੇ ਸਤਿਗੁਰੂ ਦੀ ਸੱਚੀ ਬਾਣੀ ਦੁਆਰਾ ਆਪਣੇ ਅੰਦਰ ਚਾਨਣ ਪੈਦਾ ਕਰੀਏ ਅਤੇ ਪੂਰੀ ਦੁਨੀਆਂ ਵਿਚੋਂ ਅਗਿਆਨਤਾ ਦਾ ਅੰਧੇਰਾ ਦੂਰ ਕਰਨ ਲਈ ਉਪਰਾਲਾ ਕਰੀਏ।

"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ"

( ਡਾ: ਸਰਬਜੀਤ ਸਿੰਘ )

ਵਾਸ਼ੀ, ਨਵੀਂ ਮੁੰਬਈ - ੪੦੦੭੦੩.

**(Dr. Sarbjit Singh)**

**Vashi, Navi Mumbai - 400703.**
**Email = sarbjitsingh@yahoo.com**
**http://www.geocities.com/sarbjitsingh/, http://www.gurbani.us**